MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 14 SATURDAY, 2 APRIL, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਫੈਡਰਲ ਲਿਬਰਲ 7 ਅਪ੍ਰੈਲ ਨੂੰ ਬਜਟ ਪੇਸ਼ ਕਰਨ ਲਈ ਤਿਆਰ-ਕ੍ਰਿਸਟੀਆ ਫਰੀਲੈਂਡ



ਓਟਵਾ-ਫੈਡਰਲ ਸਰਕਾਰ ਅਧੂਰੇ ਚੋਣ ਵਾਅਦਿਆਂ, ਸਿਆਸੀ ਸਮਝੌਤੇ ਦੇ ਹਿੱਸੇ ਵਜੋਂ ਕਈ ਨਵੇਂ ਸਮਾਜਿਕ ਪ੍ਰੋਗਰਾਮਾਂ ਅਤੇ ਕੈਨੇਡਾ ਦੇ ਸੈਨਿਕ ਖਰਚਿਆਂ ਨੂੰ ਹੁਲਾਰਾ ਦੇਣ ਦੀ ਕੌਮਾਂਤਰੀ ਵਚਨਬੱਧਤਾ ਨੂੰ ਪੂਰਾ ਕਰਨ ਦੀਆਂ ਆਸਾਂ ਨਾਲ ਅਗਲੇ ਹਫ਼ਤੇ ਆਪਣਾ 2022 ਦਾ ਬਜਟ ਪੇਸ਼ ਕਰੇਗੀ। ਬਜਟ ਵਿਚ ਕੌਮੀ ਫਰਮਾਕੇਅਰ ਤੇ ਡੈਂਟਲ ਕੇਅਰ ਦੇ ਪਹਿਲੇ ਕਦਮਾਂ ਨੂੰ ਸ਼ਾਮਿਲ ਕੀਤੇ ਜਾਣ ਦੀ ਆਸ ਹੈ। ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਕਿਹਾ ਕਿ ਉਹ ਇਸ ਸਾਲ ਦੀ ਖਰਚ ਯੋਜਨਾ 7 ਅਪ੍ਰੈਲ ਨੂੰ ਪੇਸ਼ ਕਰੇਗੀ। ਸਤੰਬਰ ਵਿਚ ਹੋਈਆਂ ਫੈਡਰਲ ਚੋਣਾਂ ਪਿੱਛੋਂ ਇਹ ਪਹਿਲਾ ਬਜਟ ਹੈ ਅਤੇ ਇਨ੍ਹਾਂ ਚੋਣਾਂ ਵਿਚ ਲਿਬਰਲਸ ਨੇ ਦੂਸਰੀ ਵਾਰ ਵੀ ਘੱਟਗਿਣਤੀ ਫਤਵੇ ਨਾਲ ਵਾਪਸੀ ਕੀਤੀ ਸੀ। ਫ੍ਰੀਲੈਂਡ ਨੇ ਹਾਊਸ ਆਫ ਕਾਮਨਜ਼ ਵਿਚ ਦੱਸਿਆ ਕਿ ਸਾਡੀ ਸਰਕਾਰ ਸਾਡੀ ਆਰਥਿਕਤਾ ਨੂੰ ਵਧਾਉਣ, ਜ਼ਿੰਦਗੀ ਨੂੰ ਹੋਰ ਕਿਫਾਇਤੀ ਬਣਾਉਣ ਤੇ ਕੈਨੇਡਾ ਦੇ ਲਗਾਤਾਰ ਨਿਰਮਾਣ ਜਿਥੇ ਕੋਈ ਵੀ ਪਿੱਛੇ ਨਾ ਰਹੇ ਦੇ ਵਾਅਦੇ ਨਾਲ ਮੁੜ ਚੁਣੀ ਗਈ ਸੀ। ਇਹ ਉਹੀ ਕੁਝ ਹੈ ਜੋ ਅਸੀਂ ਕਰ ਰਹੇ ਹਾਂ ਅਤੇ ਬਜਟ ਵਿਚ ਕਰਨ ਜਾ ਰਹੇ ਹਾਂ।



# ਸਚਾਈ, ਨਿਆਂ ਤੇ ਹੀਲਿੰਗ ਲਈ ਮੈਟੀਜ ਤੇ ਇਨਯੂਟ ਵਫਦ ਨੇ ਕੀਤੀ ਪੋਪ ਫਰਾਂਸਿਸ ਨਾਲ ਮੁਲਾਕਾਤ

## ਪੋਪ ਨੇ ਨਹੀਂ ਮੰਗੀ ਕੋਈ ਮੁਆਫ਼ੀ

ਰੋਮ-ਮੈਟੀਜ ਤੇ ਇਨਯੂਟ ਰੈਜ਼ੀਡੈਂਸ਼ਲ ਸਕੂਲ ਪੀੜਤਾਂ (ਸਰਵਾਈਵਰਜ਼) ਤੇ ਨੇਤਾਵਾਂ ਨੇ ਰੋਮਨ ਕੈਥੋਲਿਕ ਚਰਚ ਦੇ ਮੁੱਖੀ ਨਾਲ ਮੀਟਿੰਗਾਂ ਕੀਤੀਆਂ। ਏਂਜੀ ਕ੍ਰੇਰ ਦਾ ਕਹਿਣਾ ਕਿ ਜਦੋਂ ਉਹ ਵੈਟੀਕਨ ਵਿਖੇ ਕਮਰੇ ਵਿਚ ਗਈ ਤੇ ਪੋਪ ਫਰਾਂਸਿਸ ਦਾ ਸਾਹਮਣਾ ਕੀਤਾ ਤਾਂ ਉਹ ਘਬਰਾ ਗਈ ਸੀ ਪਰ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਤਾਕਤ ਮਿਲੀ ਹੈ। 85 ਸਾਲਾ ਮੈਟੀਜ ਬਜ਼ੁਰਗ ਨੂੰ ਪਤਾ ਹੈ ਕਿ ਜਦੋਂ ਉਹ ਰੈਜ਼ੀਡੈਂਸ਼ਲ ਸਕੂਲ ਵਿਚ ਬੱਚੇ ਵਜੋਂ ਪੜ੍ਹਦੀ ਸੀ ਉਸ ਸਮੇਂ ਜੋ ਵਾਪਰਿਆ ਉਹ ਠੀਕ ਨਹੀਂ ਸੀ। ਉਹ ਸਿਖਰ 'ਤੇ ਬੈਠੇ ਵਿਅਕਤੀ ਨੂੰ ਦੱਸਣਾ ਚਾਹੁੰਦੀ ਸੀ। ਹੁਣ ਲਗਪਗ 80 ਸਾਲ ਬਾਅਦ ਉਸ ਦੀ ਤਮੰਨਾ ਪੂਰੀ ਹੋ ਰਹੀ ਹੈ। ਕ੍ਰੇਰ ਜਿਹੜੀ ਅਲਬਰਟਾ ਵਿਚ ਗ੍ਰੈਂਡ ਪ੍ਰੇਰੀ ਦੀ ਵਸਨੀਕ ਹੈ ਨੇ ਕਿਹਾ ਕਿ ਉਨ੍ਹਾਂ ਨੇ ਸਾਡਾ ਹੌਂਸਲਾ ਨਹੀਂ ਤੋੜਿਆ। ਅਸੀਂ ਅਜੇ ਵੀ ਇਥੇ ਹਾਂ ਅਤੇ ਇਥੇ ਸਦਾ ਲਈ ਰਹਿਣ ਦਾ ਇਰਾਦਾ ਰੱਖਦੇ ਹਾਂ। ਇਨਯੂਟ ਸਕੂਲ ਦੀ ਪੀੜਤ ਮਾਰਥਾ ਗ੍ਰੇਗ ਨੇ ਕਿਹਾ ਕਿ ਉਸ ਨੇ ਪੋਪ ਨੂੰ ਕਿਹਾ ਕਿ ਮਲ੍ਹਮ ਲਗਾਉਣ ਦੀ ਲੋੜ ਹੈ। ਇਸ ਦਾ ਮਤਲਬ ਮੁਆਫੀ ਲਈ ਕੰਮ ਕਰਨਾ। ਉਸ ਦਾ ਕਹਿਣਾ ਕਿ ਚਰਚ ਨੂੰ ਇਸ ਲਈ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜੇਕਰ ਪੋਪ ਫਰਾਂਸਿਸ ਮੁਆਫੀ ਮੰਗਣ ਲਈ ਕੈਨੇਡਾ ਆਉਂਦੇ ਹਨ ਤਾਂ ਇਹ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰ ਲਈ ਬਹੁਤ ਵੱਡੀ ਗੱਲ ਹੋਵੇਗੀ। ਜਿਨ੍ਹਾਂ ਨੇ ਪੋਪ ਨਾਲ ਮੁਲਾਕਾਤ ਕੀਤੀ ਨੇ ਕਿਹਾ ਕਿ ਨਿਆਂ, ਪਾਰਦਰਸ਼ਤਾ ਅਤੇ ਮੁਆਫੀ ਹੁਣ ਹੋਰ ਵੀ ਮਹੱਤਵਪੂਰਣ ਹੈ ਕਿਉਂਕਿ ਕੈਨੇਡਾ ਵਿਚ ਸਾਬਕਾ ਰੈਜ਼ੀਡੈਂਸ਼ਲ ਸਕੂਲਾਂ ਵਿਖੇ ਨਿਸ਼ਾਨ ਰਹਿਤ ਕਬਰਾਂ ਮਿਲੀਆਂ ਹਨ। ਪੋਪ ਨੇ ਵਫਦ ਦੇ ਕਿਸੇ ਵੀ ਗਰੁੱਪ ਨੂੰ ਮੁਆਫੀ ਦੀ ਪੇਸ਼ਕਸ਼ ਨਹੀਂ ਕੀਤੀ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਾਂ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 14 SATURDAY, 2 APRIL, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਲੰਬੀ ਵਿਚ ਆਪ ਸਰਕਾਰ ਵੱਲੋਂ ਕਿਸਾਨਾਂ ਤੇ ਲਾਠੀਚਾਰਜ ਲਈ ਕਿਸਾਨ ਯੂਨੀਅਨ ਵੱਲੋਂ ਮੋਰਚੇ ਦਾ ਐਲਾਨ

**ਡੀ.ਸੀ. ਮੁਕਤਸਰ ਤੇ ਡੀ.ਐਸ.ਪੀ. ਮੋਲਟ ਖਿਲਾਫ ਕਾਰਵਾਈ ਦੀ ਮੰਗ**

ਲੰਬੀ-ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵਲੋਂ ਲੰਬੀ ਲਾਠੀਚਾਰਜ ਮਾਮਲੇ ਸਬੰਧੀ ਮੁਕਤਸਰ ਦੇ ਡਿਪਟੀ ਕਮਿਸ਼ਨਰ ਵਿਰੁੱਧ ਮੋਰਚਾ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਇਹ ਫ਼ੈਸਲਾ ਜੱਥੇਬੰਦੀ ਵਲੋਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਚੀਮਾ ਵਿਖੇ ਸੂਬਾ ਪੱਧਰੀ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਦੌਰਾਨ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਝੰਡਾ ਸਿੰਘ ਜੇਠੂਕੇ ਤੋਂ ਇਲਾਵਾ ਹੋਰ ਵੱਖ ਵੱਖ ਜ਼ਿਲ੍ਹਿਆਂ ਦੇ ਆਗੂ ਹਾਜ਼ਰ ਹੋਏ। ਇਸਤੋ ਪਹਿਲਾਂ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਲੰਬੀ ਵਿੱਚ ਹੋਏ ਲਾਠੀਚਾਰਜ ਲਈ ਡਿਪਟੀ ਕਮਿਸ਼ਨਰ ਮੁਕਤਸਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪੰਜਾਬ ਸਰਕਾਰ ਤੋਂ ਵਿਭਾਗੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਡੀਐੱਸਪੀ ਮਲੋਟ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਸਬੰਧੀ ਪਹਿਲੀ ਅਪਰੈਲ ਨੂੰ ਮੁਕਤਸਰ ਵਿੱਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਉਗਰਾਹਾਂ ਨੇ ਕਿਹਾ ਕਿ ਲੰਬੀ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਉੱਪਰ ਹੋਏ ਲਾਠੀਚਾਰਜ ਸਣੇ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਹੜਤਾਲ ਲਈ ਵੀ ਡਿਪਟੀ ਕਮਿਸ਼ਨਰ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਡੀਸੀ ਵੱਲੋਂ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਧਰਨੇ 'ਚ ਬੈਠ ਕੇ ਉਨ੍ਹਾਂ ਵੱਲੋਂ ਨਾਅਰੇਬਾਜ਼ੀ ਕਰਨ ਨਾਲ ਸਭ ਕੁਝ ਸਪੱਸ਼ਟ ਹੋ ਗਿਆ ਹੈ। *(ਬਾਕੀ ਸਫ਼ਾ 10 ਦੀ ਬਾਕੀ)*

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਾਈਵੇਟ ਸਕੂਲਾਂ ਵੱਲੋਂ ਫੀਸਾਂ ਵਿਚ ਵਾਧੇ ਉਪਰ ਰੋਕ ਦਾ ਐਲਾਨ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬੇ ਦੇ ਪ੍ਰਾਈਵੇਟ ਸਕੂਲ ਵਿਦਿਅਕ ਸੈਸ਼ਨ 2022-23 ਦੇ ਵਰਤਮਾਨ ਸਮੈਸਟਰ ਵਿਚ ਫ਼ੀਸ 'ਚ ਵਾਧਾ ਨਹੀਂ ਕਰ ਸਕਣਗੇ। ਇਸ ਦੇ ਨਾਲ ਹੀ ਸਕੂਲਾਂ ਵੱਲੋਂ ਮਾਪਿਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਕਿਤਾਬਾਂ ਅਤੇ ਵਰਦੀਆਂ ਖ਼ਰੀਦਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। ਇਨ੍ਹਾਂ ਹੁਕਮਾਂ ਨੂੰ ਤੁਰੰਤ ਲਾਗੂ ਕੀਤਾ ਜਾਵੇਗਾ। ਮਾਨ ਨੇ ਕਿਹਾ, 'ਪੰਜਾਬ ਵਿੱਚ ਸਿੱਖਿਆ ਐਨੀ ਮਹਿੰਗੀ ਹੋ ਚੁੱਕੀ ਹੈ ਕਿ ਇਹ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਹੈ। ਮਾਪੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਜੇਬ ਇਜਾਜ਼ਤ ਨਹੀਂ ਦੇ ਰਹੀ। ਮਜਬੂਰੀਵੱਸ ਮਾਪਿਆਂ ਨੂੰ ਬੱਚੇ ਸਕੂਲਾਂ ਤੋਂ ਹਟਾਉਣੇ ਪੈ ਰਹੇ ਹਨ।' ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਹਰ ਬੱਚੇ ਨੂੰ ਵਧੀਆ ਸਿੱਖਿਆ ਦੇਣਾ ਚਾਹੁੰਦੀ ਹੈ, ਇਹ ਫ਼ੈਸਲਾ ਲੋਕ ਹਿੱਤ 'ਚ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ ਵਿਦਿਅਕ ਸੈਸ਼ਨ 2022-23 ਦੇ ਮੌਜੂਦਾ ਸਮੈਸਟਰ ਦੌਰਾਨ ਫੀਸ ਵਿੱਚ ਵਾਧਾ ਨਹੀਂ ਕਰ ਸਕਣਗੇ। ਇਸ ਬਾਰੇ ਨੀਤੀ ਸਕੂਲੀ ਬੱਚਿਆਂ ਦੇ ਮਾਪਿਆਂ, ਸਕੂਲ ਪ੍ਰਬੰਧਕਾਂ, ਪ੍ਰਿੰਸੀਪਲਾਂ ਅਤੇ ਹੋਰ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਉਲੀਕੀ ਜਾਵੇਗੀ, ਜਿਸ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਹੁਣ ਤੋਂ ਕੋਈ ਵੀ ਸਕੂਲ ਮਾਪਿਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਕਿਤਾਬਾਂ ਜਾਂ



ਵਰਦੀਆਂ ਖ਼ਰੀਦਣ ਲਈ ਮਜਬੂਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਬੰਧਤ ਇਲਾਕੇ ਦੀ ਆਬਾਦੀ ਦੇ ਮੁਤਾਬਕ ਲੋਕਾਂ ਦੀ ਸਹੂਲਤ ਲਈ ਸਕੂਲਾਂ ਨੂੰ ਵੱਧ ਦੁਕਾਨਾਂ ਬਾਰੇ ਜਾਣਕਾਰੀ ਦੇਣੀ ਹੋਵੇਗੀ, ਜਿੱਥੋਂ ਮਾਪਿਆਂ ਨੂੰ ਆਪਣੀ ਮਰਜ਼ੀ ਮੁਤਾਬਕ ਕਿਤਾਬਾਂ ਅਤੇ ਵਰਦੀਆਂ ਖਰੀਦਣ ਦੀ ਖੁੱਲ੍ਹ ਹੋਵੇਗੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ

ਸਰੀ, 30 ਮਾਰਚ (ਹਰਦਮ ਮਾਨ)-ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਸਿੰਘ ਆਰਟ ਗੈਲਰੀ ਅਤੇ ਗੁਰਦੀਪ ਆਰਟ ਅਕੈਡਮੀ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਆਗਾਜ਼ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਪਰੰਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਯਾਦ ਕਰਦਿਆਂ ਡਾ। ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਬਹੁਤ ਹੀ ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ -ਅੰਦੇਸ਼ ਆਗੂ ਸਨ ਜਿਨ੍ਹਾਂ ਨੇ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਦੀ ਅਗਵਾਈ ਵਿੱਚ ਕੈਨੇਡੀਅਨ ਵਫ਼ਦ ਨੇ 5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਮੁਲਾਕਾਤ ਕਰਕੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ-ਜ਼ੁਲਮ ਬਾਰੇ ਹਿੱਕ ਤਾਣ ਕੇ ਗੱਲਬਾਤ ਕੀਤੀ। ਉਹ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪਹਿਲੇ ਗ੍ਰੰਥੀ ਸਿੰਘ ਸਨ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨ੍ਹਦਿਆਂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ ਵਿਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਉਨ੍ਹਾਂ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਇਸ ਸਾਜ਼ਿਸ਼ ਨੂੰ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਲੋਕ ਕੈਨੇਡਾ ਵਿੱਚ ਵਸੇ ਹੋਏ ਹਨ ਤਾਂ ਇਹ ਭਾਈ ਬਲਵੰਤ ਸਿੰਘ ਦੀ ਦੇਣ ਹੈ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਅਸੀਂ ਅਜਿਹੇ ਮਹਾਨ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਵਿਸਾਰਦੇ ਜਾ ਰਹੇ ਹਾਂ। ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਯਾਦ ਕਰਨਾ ਮੁਨਾਸਿਬ ਹੀ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ?ਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਜਰਨੈਲ ਸਿੰਘ ਆਰਟਿਸਟ ਵੱਲੋਂ ਗ਼ਦਰੀ ਯੋਧਿਆਂ ਦੇ ਚਿਤਰ ਬਣਾ ਕੇ ਅਤੇ ਗੁਰਦੁਆਰਾ ਸਿੰਘ ਸਭਾ ਸਰੀ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਚ ਪ੍ਰਦਰਸ਼ਿਤ ਕਰਨ ਅਤੇ ਇਸ ਤਰ੍ਹਾਂ ਨਵੀਂ ਪੀੜ੍ਹੀ ਤੱਕ ਮਾਨਮੱਤੇ ਇਤਿਹਾਸ ਨੂੰ ਪਹੁੰਚਾਉਣ ਦੇ ਕਾਰਜ ਦੀ ਸ਼ਲਾਘਾ ਕੀਤੀ। ਉਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ। ਗੁਰਦੁਆਰਾ ਸਿੰਘ ਸਭਾ ਸਰੀ ਦੇ ਸਾਬਕਾ ਪ੍ਰਧਾਨ ਬਲਵੀਰ ਸਿੰਘ ਨਿੱਝਰ ਨੇ ਵੈਨਕੂਵਰ ਵਿਚਾਰ ਮੰਚ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ 3 ਅਪ੍ਰੈਲ 2022 (ਐਤਵਾਰ) ਨੂੰ ਗੁਰਦੁਆਰਾ ਸਿੰਘ ਸਭਾ ਸਰੀ ਵਿਖੇ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਸਮਰਪਿਤ ਸਮਾਗਮ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਦੂਜੇ ਆਗੂ ਗੁਰਮੀਤ ਸਿੰਘ ਧਾਲੀਵਾਲ ਨੇ ਭਾਈ ਬਲਵੰਤ ਸਿੰਘ ਦੇ ਜੀਵਨ ਉਪਰ ਡਾਕੂਮੈਂਟਰੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਿੰਸੀਪਲ ਹਰਚਰਨ ਸਿੰਘ ਪੂਨੀਆਂ, ਅਮਰਪਾਲ ਸਿੰਘ ਅਤੇ ਹਰਦਮ ਸਿੰਘ ਮਾਨ ਨੇ ਮਹਾਨ ਸ਼ਹੀਦ ਬਲਵੰਤ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ।



ਭਾਰਤੀ ਪੈਨ ਕਾਰਡ ਸੇਵਾਵਾਂ
ਫਾਰਮ ਜਮ੍ਹਾਂ ਕਰਨ ਤੋਂ 5-7 ਦਿਨਾਂ ਵਿੱਚ
ਡਿਜੀਟਲ ਈ-ਪੈਨ ਕਾਰਡ ਪ੍ਰਾਪਤ ਕਰੋ
ਕਾਲ ਕਰੋ ਅਤੇ ਆਪਣੀ ਅਪਾਇੰਟਮੈਂਟ ਬੁੱਕ ਕਰੋ
ਹੋਮ ਵਿਜ਼ਿਟ ਸੇਵਾ ਉਪਲਬਧ
(ਕੁਝ ਸ਼ਰਤਾਂ ਲਾਗੂ ਹਨ)
Call: 416-996-1341
PAN card Correction or online
Name change
Date of Birth
etc.

- ਤੁਹਾਨੂੰ ਭਾਰਤੀ ਪੈਨ ਕਾਰਡ ਦੀ ਲੋੜ ਹੈ ਜੋ ਕਿ ਤੁਹਾਡੇ ਘਰ ਤੱਕ ਪਹੁੰਚ ਸਕਦਾ ਹੈ।
- ਪੈਨ ਕਾਰਡ ਵਿੱਚ ਸੁਧਾਰ / ਅੱਪਡੇਟ ਦੀ ਲੋੜ ਹੈ।
- ਗੁਆਚਿਆ/ਨੁਕਸਾਨਿਆ ਪੈਨ ਕਾਰਡ ਦੀ ਲੋੜ ਹੈ
- ਰਿਪੈਟਰੀਏਸ਼ਨ ਵਾਸਤੇ 15 CB/15 CA 'ਤੇ ਸਲਾਹ ਦੀ ਲੋੜ ਹੈ।
- TDS ਰਿਫੰਡ 'ਤੇ ਸਲਾਹ ਦੀ ਲੋੜ ਹੈ।
- ਟੈਕਸੇਸ਼ਨ ਅਤੇ ਇਨਕਮ ਟੈਕਸ ਰਿਟਰਨ ਫਾਈਲਿੰਗ ਜਾਂ ਰਿਪੈਟਰੀਏਸ਼ਨ ਲਈ ਆਰਬੀਆਈ ਦੀ ਮਨਜ਼ੂਰੀ।

Call: 416-996-1341

MORTGAGE
If you are paying more than
1.75%*
5 YEARS VARIABLE RATE
*Conditions Apply. Rates subject to change without notice. It is for the Principal house.
Call us NOW to Lower your Rate!
GET CASH BACK UP TO
$3000*





RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB ACCREDITED BUSINESS

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE
UP TO
65%
DISCOUNT AVAILABLE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available



# ਭਗਵੰਨ ਮਾਨ ਸਰਕਾਰ ਵੱਲੋਂ ਸੂਬੇ ਦੇ ਸਾਰੇ ਨਗਰ ਸੁਧਾਰ ਟਰੱਸਟ ਭੰਗ

ਚੰਡੀਗੜ੍ਹ (ਦਵਿੰਦਰ ਪਾਲ)-ਪੰਜਾਬ ਸਰਕਾਰ ਨੇ ਸੂਬੇ ਦੇ ਸਮੁੱਚੇ ਇੰਪਰੂਵਮੈਂਟ ਟਰੱਸਟ (ਨਗਰ ਸੁਧਾਰ ਟਰੱਸਟ) ਭੰਗ ਕਰਕੇ ਪ੍ਰਸ਼ਾਸਕ ਲਾ ਦਿੱਤੇ ਹਨ। ਸੂਬੇ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਜ਼ਿਲ੍ਹਾ ਪੱਧਰ 'ਤੇ ਇਨ੍ਹਾਂ ਟਰੱਸਟਾਂ ਦੇ ਪ੍ਰਸ਼ਾਸਕ ਡਿਪਟੀ ਕਮਿਸ਼ਨਰਾਂ ਨੂੰ ਲਗਾਇਆ ਗਿਆ ਹੈ ਜਦਕਿ ਤਹਿਸੀਲ ਪੱਧਰ 'ਤੇ ਐਸਡੀਐਮਜ਼ ਨੂੰ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸੂਬੇ ਵਿੱਚ ਕੁੱਲ 29 ਨਗਰ ਸੁਧਾਰ ਟਰੱਸਟ ਹਨ ਤੇ ਇਨ੍ਹਾਂ ਦੇ ਚੇਅਰਮੈਨ ਕਾਂਗਰਸ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਸਨ। ਚੇਅਰਮੈਨਾਂ ਨੂੰ ਦਫ਼ਤਰਾਂ ਦਾ ਚਾਰਜ ਤੁਰੰਤ ਛੱਡਣ ਲਈ ਕਿਹਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਅਦ ਸਾਬਕਾ ਸਰਕਾਰ ਦੀਆਂ ਨਿਯੁਕਤੀਆਂ ਵਾਲੇ ਅਦਾਰਿਆਂ 'ਤੇ ਤਾਇਨਾਤ ਸਿਆਸੀ ਵਿਅਕਤੀਆਂ ਦੀ ਛੁੱਟੀ ਕਰਨ ਦਾ ਇਹ ਪਹਿਲਾ ਫੈਸਲਾ ਲਿਆ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਨਵੀਂ ਸਰਕਾਰ ਵੱਲੋਂ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਨੂੰ ਵੀ ਅਹੁਦਿਆਂ ਤੋਂ ਲਾਂਭੇ ਹੋਣ ਦਾ ਸੰਕੇਤ ਦੇ ਦਿੱਤਾ ਗਿਆ ਹੈ। ਸੂਬੇ ਦੇ ਕੁੱਝ ਬੋਰਡਾਂ ਤੇ ਨਿਗਮਾਂ ਦੇ ਚੇਅਰਮੈਨਾਂ ਨੇ ਅੱਜ ਅਸਤੀਫੇ ਦੇ ਦਿੱਤੇ ਹਨ ਤੇ ਆਉਂਦੇ ਦਿਨਾਂ ਦੌਰਾਨ ਹੋਰਨਾਂ ਵੱਲੋਂ ਵੀ ਅਸਤੀਫ਼ੇ ਦਿੱਤੇ ਜਾਣਗੇ। 'ਆਪ' ਸਰਕਾਰ ਵੱਲੋਂ ਨਗਰ ਸੁਧਾਰ ਟਰੱਸਟਾਂ ਸਮੇਤ ਬੋਰਡਾਂ ਅਤੇ ਨਿਗਮਾਂ 'ਤੇ ਪਾਰਟੀ ਆਗੂਆਂ ਦੀਆਂ ਨਿਯੁਕਤੀਆਂ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਕੁੱਝ ਨਗਰ ਨਿਗਮਾਂ 'ਤੇ ਵੀ ਦਲ-ਬਦਲੀ ਜਾਂ ਹੋਰਨਾਂ ਤਰੀਕਿਆਂ ਨਾਲ ਸੱਤਾਧਾਰੀ ਧਿਰ ਵੱਲੋਂ ਕਬਜ਼ਾ ਕਰਨ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। ਅੰਮ੍ਰਿਤਸਰ ਨਗਰ ਨਿਗਮ ਦੇ ਕਾਂਗਰਸੀ ਮੇਅਰ ਰਿੰਟੂ ਨੇ ਤਾਂ ਚੋਣਾਂ ਤੋਂ ਪਹਿਲਾਂ ਹੀ ਦਲ ਬਦਲੀ ਕਰਕੇ 'ਆਪ' 'ਚ ਸ਼ਮੂਲੀਅਤ ਕਰ ਲਈ ਸੀ ਤੇ ਚੋਣਾਂ ਤੋਂ ਬਾਅਦ ਕਾਂਗਰਸ ਦੇ ਮਿਉਂਸਿਪਲ ਕੌਂਸਲਰਾਂ ਨੇ ਵੀ ਝਾੜੂ ਫੜ ਲਿਆ ਹੈ। ਸੂਬੇ ਦੀ ਇਹ ਪਹਿਲੀ ਨਗਰ ਨਿਗਮ ਹੈ ਜਿੱਥੇ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਜਿੱਤੇ ਕੌਂਸਲਰਾਂ ਨੇ 'ਆਪ' ਵਿੱਚ ਸ਼ਮੂਲੀਅਤ ਕਰਕੇ ਸੱਤਾਧਾਰੀ ਧਿਰ ਦਾ ਠੱਪਾ ਲਗਾ ਦਿੱਤਾ ਹੈ। ਸੂਬੇ ਦੀਆਂ ਜ਼ਿਆਦਾਤਰ ਮਿਉਂਸਿਪਲ ਕਮੇਟੀਆਂ 'ਤੇ ਇਸ ਸਮੇਂ ਕਾਂਗਰਸ ਦਾ ਕਬਜ਼ਾ ਹੈ। ਸੂਬੇ ਵਿੱਚ ਇਹ ਵੀ ਰਵਾਇਤ ਰਹੀ ਹੈ ਕਿ ਸੱਤਾ ਤਬਦੀਲੀ ਤੋਂ ਬਾਅਦ ਸ਼ਹਿਰੀ ਸੰਸਥਾਵਾਂ ਵਿੱਚ ਵੀ ਸੱਤਾ ਬਦਲ ਜਾਂਦੀ ਹੈ। ਸਾਲ 2017 ਵਿੱਚ ਵੀ ਕਾਂਗਰਸ ਸਰਕਾਰ ਨੇ ਵੱਡੀ ਗਿਣਤੀ ਮਿਉਂਸਿਪਲ ਕਮੇਟੀਆਂ ਉਤੇ ਅਕਾਲੀ ਦਲ ਦੇ ਚੁਣੇ ਪ੍ਰਧਾਨਾਂ ਦੀ ਥਾਂ ਕਾਂਗਰਸ ਦੇ ਬੰਦਿਆਂ ਨੂੰ ਪ੍ਰਧਾਨ ਥਾਪ ਦਿੱਤਾ ਸੀ।



# ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾਣਗੇ-ਧਾਲੀਵਾਲ

ਜਲੰਧਰ-ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਵਿੱਚ ਜਲੰਧਰ ਡਿਵੀਜ਼ਨ ਦੇ ਅੱਠ ਜ਼ਿਲ੍ਹਿਆਂ ਵਿੱਚ ਪੰਚਾਇਤ ਦੀ 12,911 ਏਕੜ ਜ਼ਮੀਨ 'ਤੇ ਹੋਏ ਨਾਜਾਇਜ਼ ਕਬਜ਼ੇ ਦਾ ਮਾਮਲਾ ਚੁੱਕਿਆ ਗਿਆ। ਵਿਭਾਗ ਦੇ ਵਧੀਕ ਡਵੀਜ਼ਨਲ ਡਾਇਰੈਕਟਰ ਜਗਵਿੰਦਰਜੀਤ ਸਿੰਘ ਸੰਧੂ ਨੇ ਪੰਚਾਇਤ ਮੰਤਰੀ ਨੂੰ ਜਾਣੂ ਕਰਵਾਇਆ ਕਿ ਪਿਛਲੀਆਂ ਸਰਕਾਰਾਂ ਦੇ ਸਿਆਸੀ ਦਬਾਅ ਕਾਰਨ ਉਹ ਪੰਚਾਇਤਾਂ ਦੀ ਇਸ ਜ਼ਮੀਨ ਤੋਂ ਕਬਜ਼ੇ ਹਟਵਾਉਣ ਤੋਂ ਅਸਮਰੱਥ ਰਹੇ ਸਨ। ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਕੀਤੀਆਂ ਕਿ ਉਹ ਨਾਜਾਇਜ਼ ਕਬਜ਼ੇ ਹਟਾਉਣ ਲਈ ਬਿਨਾਂ ਕਿਸੇ ਦਬਾਅ ਤੋਂ ਕਾਨੂੰਨ ਅਨੁਸਾਰ ਕਾਰਵਾਈ ਕਰਨ। ਪੰਚਾਇਤ ਦੀ ਇੱਕ ਇੰਚ 'ਤੇ ਵੀ ਨਾਜਾਇਜ਼ ਕਬਜ਼ਾ ਸਹਿਣ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟਚਾਰ ਤੋਂ ਮੁਕਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਸਥਾਨਕ ਸਰਕਟ ਹਾਊਸ ਵਿੱਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੁਲਦੀਪ ਸਿੰਘ ਧਾਲੀਵਾਲ ਨੇ ਸਮੂਹ ਅਧਿਕਾਰੀਆਂ ਨੂੰ ਪਿੰਡਾਂ ਵਿੱਚ ਲੋੜੀਂਦੀ ਤਬਦੀਲੀ ਅਤੇ ਸੁਧਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੁਹਿਰਦ ਯਤਨ ਸ਼ੁਰੂ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਮਿਆਰ ਨਾਲ ਕਿਸੇ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭ੍ਰਿਸ਼ਟਾਚਾਰ ਖ਼ਿਲਾਫ਼ ਪੂਰੀ ਸਖ਼ਤੀ ਵਰਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ, ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ, ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ, ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ, ਸ਼ਾਮ ਚੁਰਾਸੀ ਤੋਂ ਵਿਧਾਇਕ ਡਾ. ਰਵਜੋਤ, ਟਾਂਡਾ ਤੋਂ ਵਿਧਾਇਕ ਜਸਬੀਰ ਸਿੰਘ ਰਾਜਾ, ਦਸੂਹਾ ਤੋਂ ਵਿਧਾਇਕ ਕਰਮਵੀਰ ਸਿੰਘ ਤੇ ਹੋਰ ਮੌਜੂਦ ਸਨ।







ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।

WE REDUCE YOUR DEBT UP TO MAXIMUM LEVEL
WE HELP WITH ALL UNSECURED DEBT

ਕਿਸੇ ਤਰ੍ਹਾਂ ਦੀ ਵੀ ਫਾਈਨੈਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ਼ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Any type of Financial Problems?

- Credit Cards
- line of Credit
- Pay Day Loans
- Retail Store Cards
- Bank Overdraft
- GST/PST Debt
- CRA Debt

Any Business or Personal loans
Cut your debt up to
70% or more

Free Confidential Advice
Kulwinder Bains
Certified Credit Counseller
778 998 9402





DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਮੁੱਦਾ ਰਾਜ ਸਭਾ ਵਿਚ ਗੈਰ ਪੰਜਾਬੀ ਤੇ ਧਨਾਢਾਂ ਨੂੰ ਭੇਜਣ ਦਾ

# 'ਆਪ' ਲੀਡਰਸ਼ਿਪ ਦੀ ਮਨਮਾਨੀ ਸਿਆਸਤ ਇਤਿਹਾਸਕ ਫਤਵੇ ਨਾਲ ਵਿਸਾਹਘਾਤ ਤਾਂ ਨਹੀਂ ?

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਵਿਚ ਆਮ ਆਦਮੀ ਪਾਰਟੀ ਪ੍ਰਤੀ ਪੰਜਾਬੀਆਂ ਵਲੋਂ ਵਿਖਾਏ ਗਏ ਅਥਾਹ ਵਿਸ਼ਵਾਸ ਦੀ ਬਦੌਲਤ ਵਿਧਾਨ ਸਭਾ ਵਿਚ ਪੁੱਜੇ 92 ਮੈਂਬਰਾਂ ਦੀ ਤਾਕਤ ਨਾਲ ਹੁਣ 'ਆਪ' ਲੀਡਰਸ਼ਿਪ ਨੇ ਆਪਣੇ 5 ਮੈਂਬਰਾਂ ਨੂੰ ਰਾਜ ਸਭਾ ਲਈ ਭੇਜਿਆ ਹੈ। ਉਂਜ 6 ਰਾਜਾਂ ਤੋਂ ਚੁਣੇ ਜਾਣ ਵਾਲੇ 13 ਰਾਜ ਸਭਾ ਮੈਂਬਰਾਂ ਦੀ ਚੋਣ 31 ਮਾਰਚ ਨੂੰ ਹੋਣ ਜਾ ਰਹੀ ਹੈ ਪਰ ਪੰਜਾਬ ਵਿਚ ਭਾਰੀ ਬਹੁਮਤ ਕਾਰਣ ਪਾਰਟੀ ਵਲੋਂ ਨਾਮਜ਼ਦ ਕੀਤੇ 5 ਮੈਂਬਰ ਬਿਨਾਂ ਵਿਰੋਧ ਹੀ ਚੁਣੇ ਐਲਾਨ ਦਿੱਤੇ ਗਏ ਹਨ। ਰਾਜ ਸਭਾ ਲਈ ਚੁਣੇ ਗਏ ਇਹ ਮੈਂਬਰ ਪੰਜਾਬ ਤੋਂ ਰਾਜ ਸਭਾ ਮੈਂਬਰ ਸ ਸੁਖਦੇਵ ਸਿੰਘ ਢੀਂਡਸਾ, ਨਰੇਸ਼ ਕੁਮਾਰ ਗੁਜਰਾਲ ( ਅਕਾਲੀ ਦਲ), ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ( ਕਾਂਗਰਸ) ਅਤੇ ਸ਼ਵੇਤ ਮਲਿਕ ( ਭਾਜਪਾ) ਦੀ ਥਾਂ ਲੈਣਗੇ ਜਿਹਨਾਂ ਦੀ ਮਿਆਦ 9 ਅਪ੍ਰੈਲ 2022 ਨੂੰ ਖਤਮ ਹੋਣ ਜਾ ਰਹੀ ਹੈ। ਪੰਜਾਬ ਦੇ ਇਹਨਾਂ ਪ੍ਰਤੀਨਿਧਾਂ ਦੀ ਥਾਂ 'ਆਪ' ਵਲੋਂ ਜਿਹਨਾਂ ਦੀ ਚੋਣ ਕੀਤੀ ਗਈ ਹੈ ਉਹ ਹਨ ਪਾਰਟੀ ਦੇ ਰਣਨੀਤੀਕਾਰ ਸੰਦੀਪ ਪਾਠਕ, ਦਿੱਲੀ ਦੇ ਵਿਧਾਇਕ ਤੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਰਾਘਵ ਚੱਡਾ, ਬਿਜਨੈਸਮੈਨ ਸੰਜੀਵ ਅਰੋੜਾ, ਪ੍ਰਾਈਵੇਟ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ ਅਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ। ਆਮ ਆਦਮੀ ਪਾਰਟੀ ਨੂੰ ਇਹਨਾਂ ਪ੍ਰਤੀਨਿਧਾਂ ਦੀ ਨਾਮਜ਼ਦਗੀ ਲਈ ਪੰਜਾਬ ਦੇ ਸਿਆਸੀ ਤੇ ਬੁਧੀਜੀਵੀ ਵਰਗ ਦੀ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ 'ਆਪ' ਨੇ ਰਾਜਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਸਭਾ ਵਿਚ ਰਾਜ ਤੋਂ ਬਾਹਰਲੇ ਅਤੇ ਕਰੋੜਪਤੀ ਉਮੀਦਵਾਰਾਂ ਨੂੰ ਭੇਜਕੇ ਸੰਵਿਧਾਨਕ ਮਰਿਯਾਦਾ ਦੀ ਉਲੰਘਣਾ ਦੇ ਨਾਲ ਰਾਜ ਸਭਾ ਦੇ ਉਦੇਸ਼ ਦੀ ਭਾਵਨਾ ਦਾ ਵੀ ਅਪਮਾਨ ਕੀਤਾ ਹੈ। ਇਸਤੋਂ ਵੀ ਅੱਗੇ ਪੰਜਾਬੀਆਂ ਨੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਪ੍ਰਤੀ ਜੋ ਵਿਸ਼ਵਾਸ ਪ੍ਰਗਟਾਇਆ ਹੈ, ਇਹ ਉਸ ਨਾਲ ਵੀ ਵਿਸਾਹਘਾਤ ਵਾਂਗ ਹੈ। ਭਾਵੇਂਕਿ ਬੀਤੇ ਸਮੇਂ ਵਿਚ ਰਵਾਇਤੀ ਪਾਰਟੀਆਂ ਵੀ ਅਜਿਹਾ ਕੁਝ ਕਰਦੀਆਂ ਰਹੀਆਂ ਹਨ ਪਰ ਸਵਾਲ ਹੈ ਕਿ ਅਗਰ 'ਆਪ' ਵੀ ਸੰਵਿਧਾਨਕ ਮਾਨਤਾਵਾਂ ਦੀ ਉਲੰਘਣਾ ਕਰਦਿਆਂ ਪਾਰਟੀ ਅਤੇ ਪਾਰਟੀ ਸੁਪਰੀਮੋ ਦੀਆਂ ਮਨ ਆਈਆਂ ਮੁਤਾਬਿਕ ਕੰਮ ਕਰਨ ਲੱਗੀ ਤਾਂ ਉਸਦਾ ਰਵਾਇਤੀ ਪਾਰਟੀਆਂ ਨਾਲੋਂ ਫਰਕ ਕੀ ਹੋਇਆ? ਪਾਰਟੀ ਨੇ ਰਾਜ ਸਭਾ ਲਈ ਪੰਜਾਬ ਤੇ ਪੰਜਾਬੀਅਤ ਨੂੰ ਸਮਰਪਿਤ ਯੋਗ ਆਗੂਆਂ ਦੀ ਚੋਣ ਕਰਨ ਦੀ ਬਿਜਾਏ ਪਾਰਟੀ ਵਫਾਦਾਰਾਂ ਅਤੇ ਪਾਰਟੀ ਨੂੰ ਫੰਡ ਮੁਹੱਈਆ ਕਰਵਾਉਣ ਵਾਲੇ ਕਰੋੜਪਤੀਆਂ ਦੀ ਚੋਣ ਕਰਦਿਆਂ ਇਹ ਗਲਤ ਸੁਨੇਹਾ ਦਿੱਤਾ ਹੈ ਕਿ ਉਸ ਲਈ ਪੰਜਾਬ ਦੇ ਹਿੱਤਾਂ ਨਾਲੋਂ ਪਾਰਟੀ ਹਿੱਤ ਪਹਿਲਾਂ ਹਨ। ਅਗਰ ਰਾਜ ਸਭਾ ਦੇ ਅਹੁਦੇ ਆਪਣੇ ਚਹੇਤਿਆਂ ਤੇ ਫੰਡ ਦੇਣ ਵਾਲੇ ਕਰੋੜਪਤੀਆਂ ਨੂੰ ਹੀ ਇਨਾਮ ਦੇ ਰੂਪ ਵਿਚ ਵੰਡਣੇ ਹਨ ਤਾਂ ਉਸਦਾ ਰਾਜਨੀਤੀ ਵਿਚ ਬਦਲਾਅ ਲਿਆਉਣ ਦਾ ਵਾਅਦਾ ਕਿਥੇ ਗਿਆ? ਜਦੋਂ 'ਆਪ' ਸਮਰਥਕ ਇਸ ਚੋਣ ਨੂੰ ਜਾਇਜ਼ ਠਹਿਰਾਉਂਦੇ ਹੋਏ ਇਹ ਦਾਅਵਾ ਕਰਦੇ ਹਨ ਕਿ ਪਹਿਲਾਂ ਵੀ ਸਿਆਸੀ ਪਾਰਟੀਆਂ ਅਜਿਹਾ ਹੀ ਕਰਦੀਆਂ ਰਹੀਆਂ ਹਨ ਤਾਂ ਇਹ ਸਿੱਧ ਕਰਨਾ ਔਖਾ ਨਹੀ ਕਿ ਇਨਕਲਾਬ ਦਾ ਨਾਅਰਾ ਲਗਾਉਣ ਵਾਲੀ ਪਾਰਟੀ ਦਾ ਰਵਾਇਤੀ ਪਾਰਟੀਆਂ ਨਾਲੋਂ ਫਰਕ ਕੀ ਹੈ? 'ਆਪ' ਅਤੇ ਉਸਦੇ ਸਮਰਥਕਾਂ ਦੇ ਦਾਅਵੇ ਨੂੰ ਮੰਨ ਵੀ ਲਿਆ ਜਾਵੇ ਤਾਂ ਵੀ ਚੁਣੇ ਗਏ ਰਾਜ ਸਭਾ ਮੈਂਬਰਾਂ ਦਾ ਕੋਈ ਅਜਿਹਾ ਟਰੈਕ ਰਿਕਾਰਡ ਨਹੀ ਜੋ ਉਹਨਾਂ ਦੇ ਪੰਜਾਬ ਜਾਂ ਪੰਜਾਬੀਅਤ ਲਈ ਕੀਤੇ ਕਿਸੇ ਨਿਵੇਕਲਾ ਕਾਰਜ ਦੀ ਨਿਸ਼ਾਨਦੇਹੀ ਕਰਦਾ ਹੋਵੇ। ਚੁਣੇ ਗਏ ਦੋ ਗੈਰ ਪੰਜਾਬੀ ਆਗੂਆਂ ਤੋਂ ਇਲਾਵਾ ਪੰਜਾਬ ਨਾਲ ਸਬੰਧਿਤ ਤਿੰਨ ਮੈਂਬਰਾਂ ਦਾ ਵੀ ਅਜਿਹਾ ਕੋਈ ਰਿਕਾਰਡ ਨਹੀ ਜਿਸ ਆਧਾਰ 'ਤੇ ਉਹਨਾਂ ਦੀ ਚੋਣ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਪਹਿਲਾ ਸਵਾਲ ਦਿੱਲੀ ਦੇ ਵਿਧਾਇਕ ਰਾਘਵ ਚੱਡਾ ਨੂੰ ਰਾਜ ਸਭਾ ਵਿਚ ਭੇਜਣ ਦੀ ਕੀ ਤੁਕ ਹੈ? ਕੀ ਉਸਨੂੰ ਪੰਜਾਬ ਦੀ ਆਪ ਸਰਕਾਰ ਦਾ 'ਕਾਰੋਬਾਰ' ਵੇਖਣ ਲਈ ਦਿੱਲੀ ਤੋਂ ਵਿਹਲਾ ਕੀਤਾ ਗਿਆ ਹੈ? ਪਾਰਟੀ ਦੇ ਰਣਨੀਤੀਕਾਰ ਸੰਦੀਪ ਪਾਠਕ ਨੂੰ ਰਾਜ ਸਭਾ ਵਿਚ ਭੇਜਣ ਦਾ ਅਰਥ ਉਸਨੂੰ ਪਿਛਲੇ ਕੰਮਾਂ ਦੇ ਇਨਾਮ ਨਾਲ ਨਿਵਾਜਣ ਤੋਂ ਇਲਾਵਾ ਕੌਮੀ ਪੱਧਰ ਉਪਰ ਪਾਰਟੀ ਲਈ ਸਰਗਰਮ ਕਰਨਾ ਹੋ ਸਕਦਾ ਹੈ। ਲੁਧਿਆਣਾ ਦੇ ਕਰੋੜਪਤੀ ਬਿਜਨੈਸਮੈਨ ਸੰਜੀਵ ਅਰੋੜਾ ਦੀ ਯੋਗਤਾ 'ਆਪ' ਵਾਸਤੇ ਫੰਡ ਇਕੱਤਰ ਕਰਨਾ ਹੈ ਜਾਂ ਕੁਝ ਹੋਰ? ਕਾਂਗਰਸੀ ਵਿਧਾਇਕ ਪਰਗਟ ਸਿੰਘ ਵਲੋਂ ਸੰਜੀਵ ਅਰੋੜਾ ਖਿਲਾਫ ਰੀਅਲ ਇਸਟੇਟ ਕਾਰੋਬਾਰ ਵਿਚ ਭ੍ਰਿਸ਼ਟ ਤਰੀਕਿਆਂ ਨਾਲ ਬਣਾਈ ਜਾਇਦਾਦ ਦੇ ਦੋਸ਼ਾਂ ਦਾ ਕਿਸੇ ਨੇ ਜਵਾਬ ਨਹੀ ਦਿੱਤਾ। ਇਕ ਹੋਰ ਕਰੋੜਪਤੀ ਲਵਲੀ ਪਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ ਦੀ ਚੋਣ ਉਪਰ ਵੀ ਸਵਾਲ ਹਨ। ਇਕ ਪਾਸੇ 'ਆਪ' ਪੰਜਾਬ ਵਿਚ ਸਿੱਖਿਆ ਸੁਧਾਰ ਤੇ ਮਿਆਰ ਦੇ ਨਾਅਰੇ ਦੇ ਰਹੀ ਹੈ ਪਰ ਦੂਸਰੇ ਪਾਸੇ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਮਾਲਕ ਨੂੰ ਰਾਜ ਸਭਾ ਵਿਚ ਭੇਜਕੇ ਸਿੱਖਿਆ ਦੇ ਨਿੱਜੀਕਰਣ ਤੇ ਵਪਾਰੀਕਰਣ ਦਾ ਸਮਰਥਨ ਨਹੀ ਕਰ ਰਹੀ? ਜ਼ਿਕਰਯੋਗ ਹੈ ਕਿ ਐਲ ਪੀ ਯੂ ਜਿਸਨੂੰ 'ਲੱਡੂ ਪੇੜਾ ਯੂਨੀਵਰਸਿਟੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਪੰਜਾਬ ਦੀ ਉਹ ਪਹਿਲੀ ਨਿੱਜੀ ਯੂਨੀਵਰਸਿਟੀ ਹੈ ਜਿਸਨੇ ਸਿੱਖਿਆ ਨੂੰ ਮਠਿਆਈ ਦੀ ਦੁਕਾਨ ਵਾਂਗ ਹੀ ਮੁਨਾਫਾ ਕਮਾਊ ਕਾਰੋਬਾਰ ਬਣਾਉਂਦਿਆਂ ਪੰਜਾਬ ਵਿਚ ਸਿੱਖਿਆ ਦੇ ਵੱਡੇ ਪੱਧਰ ਤੇ ਨਿੱਜੀਕਰਣ ਦੀ ਸ਼ੁਰੂਆਤ ਕੀਤੀ ਸੀ। ਉਸ ਸ਼ੁਰੂਆਤ ਉਪਰੰਤ ਅੱਜ ਪੰਜਾਬ ਵਿਚ 20 ਦੇ ਕਰੀਬ ਨਿੱਜੀ ਯੂਨੀਵਰਸਿਟੀਆਂ ਕਾਰਜਸ਼ੀਲ ਹਨ। ਪੰਜਾਬ ਤੋਂ ਜਲੰਧਰ ਨਾਲ ਸਬੰਧਿਤ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਦੀ ਰਾਜ ਸਭਾ ਲਈ ਚੋਣ ਵੀ ਹੈਰਾਨੀਜਨਕ ਹੈ। ਬਿਨਾਂ ਸ਼ੱਕ ਹਰਭਜਨ ਸਿੰਘ ਕੌਮੀ ਤੇ ਕੌਮਾਂਤਰੀ ਪ੍ਰਸਿਧੀ ਵਾਲਾ ਖਿਡਾਰੀ ਹੈ ਪਰ ਉਸ ਦੁਆਰਾ ਆਪਣੀ ਨਿੱਜੀ ਪਹਿਚਾਣ ਤੋਂ ਇਲਾਵਾ ਪੰਜਾਬ ਜਾਂ ਪੰਜਾਬੀਅਤ ਲਈ ਕੋਈ ਮਾਅਰਕਾ ਜਿਕਰੇ ਖਾਸ ਨਹੀ ਹੈ। ਸਮਝਿਆ ਜਾ ਸਕਦਾ ਹੈ ਕਿ ਉਸਦੀ ਚੋਣ ਹੋਰ ਨਾਮਜ਼ਦਗੀਆਂ ਨੂੰ ਜਾਇਜ਼ ਠਹਿਰਾਉਣ ਦੀ ਕਵਾਇਦ ਵਜੋਂ ਤੇ ਇਕ ਪੰਜਾਬੀ ਤੇ ਸਿੱਖ ਪ੍ਰਤੀਨਿਧਤਾ ਦੀ ਖਾਨਾਪੂਰਤੀ ਵਜੋਂ ਹੈ। 'ਆਪ' ਵਲੋਂ ਰਾਜ ਸਭਾ ਵਿਚ ਭੇਜੇ ਪੰਜਾਬੋਂ ਬਾਹਰਲੇ ਦੋ ਉਮੀਦਵਾਰਾਂ ਦੇ ਨਾਲ ਪੰਜਾਬ ਨਾਲ ਸਬੰਧਿਤ ਤਿੰਨ ਉਮੀਦਵਾਰਾਂ - ਦੋ ਕਰੋੜਪਤੀਆਂ ਤੇ ਇਕ ਸਾਬਕਾ ਖਿਡਾਰੀ ਦੀ ਚੋਣ ਜਿਥੇ ਸਿਆਸੀ ਤੇ ਬੁਧੀਜੀਵੀ ਹਲਕਿਆਂ ਵਿਚ ਹੈਰਾਨੀਜਨਕ ਹੈ, ਉਥੇ 'ਆਪ' ਨਾਲ ਜੁੜੇ ਸੁਹਿਰਦ ਆਗੂਆਂ ਤੇ ਵਰਕਰਾਂ ਲਈ ਨਿਰਾਸ਼ਾਜਨਕ ਵੀ ਹੈ। ਸੁਹਿਰਦ ਲੋਕਾਂ ਨੇ ਇਸ ਚੋਣ ਲਈ 'ਆਪ' ਲੀਡਰਸ਼ਿਪ ਖਿਲਾਫ ਸੋਸ਼ਲ ਮੀਡੀਆ ਉਪਰ ਰੋਸ ਪ੍ਰਗਟਾਵਾ ਵੀ ਕੀਤਾ ਹੈ। ਆਪਣੀ ਅਸਹਿਮਤੀ ਦਰਜ ਵੀ ਕਰਵਾਈ ਹੈ। ਉਹਨਾਂ ਦੀ ਇੱਛਾ ਸੀ ਕਿ ਵਿਧਾਨ ਸਭਾ ਲਈ ਚੁਣੇ ਗਏ ਵੱਡੀ ਗਿਣਤੀ ਵਿਚ ਆਮ ਘਰਾਂ ਦੇ ਬੱਚਿਆਂ ਵਾਂਗ 'ਆਪ' ਲੀਡਰਸ਼ਿਪ ਇਹਨਾਂ ਨਿਯੁਕਤੀਆਂ ਲਈ ਵੀ ਇਮਾਨਦਾਰੀ ਵਿਖਾਉਂਦੀ ਪਰ ਇਹਨਾਂ ਨਿਯੁਕਤੀਆਂ ਚੋਂ ਲੀਡਰਸ਼ਿਪ ਦੀ ਬੇਈਮਾਨੀ ਤੇ ਆਪਹੁਦਰੇਪਣ ਦੀ ਬੂ ਮਾਹੌਲ ਵਿਚ ਬੇਵਿਸ਼ਵਾਸੀ ਭਰਨ ਵਾਲੀ ਹੈ। ਜੁਲਾਈ ਮਹੀਨੇ ਪੰਜਾਬ ਤੋਂ ਦੋ ਹੋਰ ਰਾਜ ਸਭਾ ਸੀਟਾਂ ਭਰੀਆਂ ਜਾਣੀਆਂ ਹਨ। ਪੰਜਾਬੀਆਂ ਵਲੋਂ ਆਮ ਆਦਮੀ ਪਾਰਟੀ ਨੂੰ ਦਿੱਤੇ ਗਏ ਇਤਿਹਾਸਕ ਫਤਵੇ ਦੀ ਬਦੌਲਤ ਹੀ ਹੈ ਕਿ ਪਾਰਟੀ ਪੰਜਾਬ ਦੀਆਂ ਸਾਰੀਆਂ 7 ਰਾਜ ਸਭਾ ਸੀਟਾਂ 'ਤੇ ਕਾਬਜ਼ ਹੋਣ ਜਾ ਰਹੀ ਹੈ ਪਰ ਪਾਰਟੀ ਵਲੋਂ ਰਾਜ ਸਭਾ ਲਈ ਗੈਰ ਪੰਜਾਬੀਆਂ ਤੇ ਕਰੋੜਪਤੀਆਂ ਦੀ ਚੋਣ, ਇਤਿਹਾਸਕ ਫਤਵੇ ਨਾਲ ਵਿਸ਼ਵਾਸਘਾਤ ਵਾਂਗ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਆਪਣਾ ਅਹੁਦਾ ਸੰਭਾਲਦਿਆਂ ਕੁਝ ਅਜਿਹੇ ਐਲਾਨ ਕੀਤੇ ਗਏ ਹਨ ਜਿਹਨਾਂ ਤੋਂ ਚੰਗੀ ਉਮੀਦਾਂ ਹਨ। ਇਹਨਾਂ ਐਲਾਨਾਂ ਵਿਚ 25000 ਸਰਕਾਰੀ ਨੌਕਰੀਆਂ, 35000 ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਭ੍ਰਿਸ਼ਟਾਚਾਰ ਦੇ ਖਾਤਮੇ ਲਈ ਮੁਹਿੰਮ ਅਤੇ ਹੁਣ ਸਾਬਕਾ ਵਿਧਾਇਕਾਂ ਨੂੰ ਇਕ ਪੈਨਸ਼ਨ ਦੇਣ ਦੇ ਫੈਸਲੇ ਸ਼ਲਾਘਾਯੋਗ ਹਨ। ਵਿਰੋਧੀ ਧਿਰਾਂ ਨੇ ਇਹਨਾਂ ਫੈਸਲਿਆਂ ਦਾ ਸਵਾਗਤ ਕੀਤਾ ਹੈ ਪਰ ਰਾਜ ਸਭਾ ਦੇ ਮੈਂਬਰਾਂ ਦੀ ਨਾਮਜ਼ਦਗੀ ਨੇ ਜਿਥੇ 'ਆਪ' ਦੀ ਐਲਾਨੀਆਂ ਵਿਚਾਰਧਾਰਾ ਨੂੰ ਸੱਟ ਮਾਰੀ ਹੈ ਉਥੇ ਲੋਕ ਵਿਸ਼ਵਾਸ ਵੀ ਤਿੜਕਿਆ ਹੈ। ਪ੍ਰਭਾਵ ਹੈ ਕਿ ਇਹਨਾਂ ਨਿਯੁਕਤੀਆਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਨਹੀ 'ਆਪ' ਸੁਪਰੀਮੋ ਕੇਜਰੀਵਾਲ ਦੀ ਮਨਮਰਜ਼ੀ ਵਧੇਰੇ ਹੈ। 'ਆਪ' ਸੁਪਰੀਮੋ ਜੋ ਪੰਜਾਬ ਦੇ ਕੰਧਾੜਿਆ ਉਪਰ ਦੇਸ਼ ਦੀ ਰਾਜਨੀਤੀ ਕਰਨ ਦੀ ਸੋਚ ਰਹੇ ਹਨ, ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਪੰਜਾਬ ਦੀ ਸਿਆਸਤ ਵਿਚ ਉਹਨਾਂ ਦੀ ਮਨਮਰਜ਼ੀ ਵਾਲਾ ਪ੍ਰਭਾਵ ਕਿਤੇ ਉਹਨਾਂ ਨੂੰ ਪੰਜਾਬੀਆਂ ਦੇ ਮਨਾਂ ਚੋਂ ਪ੍ਰਭਾਵਹੀਣ ਨਾ ਕਰ ਦੇਵੇ।



**'ਆਪ' ਸੁਪਰੀਮੋ ਨੂੰ ਇਸ ਘੜੀ ਸਖਤ ਸੁਨੇਹਾ ਪਹੁੰਚਾਉਣ ਦੀ ਲੋੜ ਹੈ ਕਿ ਸਰਕਾਰੀ ਦਫਤਰਾਂ 'ਚ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਅਤੇ ਡਾ ਅੰਬੇਦਕਰ ਦੀਆਂ ਤਸਵੀਰਾਂ ਲਗਾਉਣ ਨਾਲ ਕੋਈ 'ਇਨਕਲਾਬ' ਨਹੀ ਆਵੇਗਾ, ਬਲਕਿ ਉਹਨਾਂ ਮਹਾਨ ਸ਼ਖਸੀਅਤਾਂ ਦੇ ਵਿਚਾਰਾਂ ਨੂੰ ਅਨੁਸਰਣ ਕਰਨ ਦੀ ਦਿਆਨਤਦਾਰੀ ਦਾ ਪ੍ਰਗਟਾਵਾ ਵਧੇਰੇ ਲਾਜ਼ਮੀ ਹੈ।**






# ਕਸ਼ਮੀਰ ਫਾਈਲਜ਼ ਫਿਲਮ ਬਾਰੇ ਟਿਪਣੀ ਕਰਨ 'ਤੇ ਕੇਜਰੀਵਾਲ ਖ਼ਿਲਾਫ਼ ਰੋਸ ਪ੍ਰਦਰਸ਼ਨ

## ਭਾਜਪਾ ਵਰਕਰ ਨੇ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਦੌਰਾਨ ਕੀਤੀ ਭੰਨਤੋੜ



ਨਵੀ ਦਿੱਲੀ-ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਯੂਥ ਵਿੰਗ ਦੇ ਕਾਰਕੁਨਾਂ ਨੇ ਇੱਥੇ ਵਿਰੋਧ ਪ੍ਰਦਰਸ਼ਨ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਲੱਗੇ ਲੱਗੇ ਸੀਸੀਟੀਵੀ ਕੈਮਰੇ ਤੇ ਬੈਰੀਅਰ ਤੋੜ ਦਿੱਤੇ। ਇਸ ਤੋਂ ਬਾਅਦ ਉਨ੍ਹਾਂ ਰਿਹਾਇਸ਼ ਦੇ ਮੁੱਖ ਗੇਟ ਉਤੇ ਪੇਂਟ ਸੁੱਟ ਦਿੱਤਾ। ਇਸੇ ਦੌਰਾਨ ਬੂਮ ਬੈਰੀਅਰ ਵੀ ਤੋੜ ਦਿੱਤਾ ਗਿਆ। ਯੂਥ ਵਿੰਗ ਦੇ ਕਾਰਕੁਨ ਇੱਥੇ ਕੇਜਰੀਵਾਲ ਵੱਲੋਂ 'ਕਸ਼ਮੀਰ ਫਾਈਲਜ਼' ਫ਼ਿਲਮ ਬਾਰੇ ਕੀਤੀ ਟਿੱਪਣੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਸਨ। ਕੇਜਰੀਵਾਲ ਦੀ ਟਿੱਪਣੀ ਤੋਂ ਬਾਅਦ ਦੋਵਾਂ ਪਾਰਟੀਆਂ ਵਿਚਾਲੇ ਖਿੱਚੋਤਾਣ ਕਾਫ਼ੀ ਵਧੀ ਹੋਈ ਹੈ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਭਾਜਪਾ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਇਹ ਕੇਜਰੀਵਾਲ ਨੂੰ ਮਾਰਨ ਦੀ 'ਸਾਜ਼ਿਸ਼' ਸੀ ਕਿਉਂਕਿ ਭਗਵਾਂ ਪਾਰਟੀ ਚੋਣਾਂ 'ਚ 'ਆਪ' ਨੂੰ ਹਰਾਉਣ ਵਿਚ ਨਾਕਾਮ ਰਹੀ ਹੈ। ਦਿੱਲੀ ਪੁਲੀਸ ਨੇ ਇਸ ਮਾਮਲੇ ਵਿਚ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਡੀਸੀਪੀ (ਉੱਤਰ) ਸਾਗਰ ਸਿੰਘ ਕਲਸੀ ਨੇ ਦੱਸਿਆ ਕਿ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ ਤੇ ਜਾਂਚ ਜਾਰੀ ਹੈ। ਗ੍ਰਿਫ਼ਤਾਰੀਆਂ ਲਈ ਟੀਮਾਂ ਭੇਜੀਆਂ ਗਈਆਂ ਹਨ। ਸਿਸੋਦੀਆ ਨੇ ਦੋਸ਼ ਲਾਇਆ ਕਿ ਭਾਜਪਾ ਦੇ ਯੂਥ ਵਿੰਗ ਨੇ ਦਿੱਲੀ ਪੁਲੀਸ ਦੀ ਮੌਜੂਦਗੀ 'ਚ ਮੁੱਖ ਮੰਤਰੀ ਦੇ ਰਿਹਾਇਸ਼ ਦੇ ਬਾਹਰ ਸੀਸੀਟੀਵੀ ਕੈਮਰੇ ਤੇ ਬੈਰੀਅਰ ਭੰਨ੍ਹ ਦਿੱਤੇ। ਭਾਜਪਾ ਯੁਵਾ ਮੋਰਚਾ ਦੇ ਮੁਜ਼ਾਹਰਾਕਾਰੀ ਕੌਮੀ ਪ੍ਰਧਾਨ ਤੇ ਸੰਸਦ ਮੈਂਬਰ ਤੇਜਸਵੀ ਸੂਰਿਆ ਦੀ ਅਗਵਾਈ 'ਚ ਇੱਥੇ ਕੇਜਰੀਵਾਲ ਖ਼ਿਲਾਫ਼ ਰੋਸ ਮੁਜ਼ਾਹਰਾ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਅਰਵਿੰਦ ਕੇਜਰੀਵਾਲ ਨੇ ਹਾਲ ਹੀ ਵਿਚ ਰਿਲੀਜ਼ ਵਿਵਾਦਤ ਫ਼ਿਲਮ 'ਕਸ਼ਮੀਰ ਫਾਈਲਜ਼' ਜੋ ਕਿ ਕਸ਼ਮੀਰੀ ਪੰਡਿਤਾਂ ਦੇ ਕਸ਼ਮੀਰ ਛੱਡਣ ਉਤੇ ਅਧਾਰਿਤ ਹੈ, ਉਤੇ ਟਿੱਪਣੀ ਕੀਤੀ ਸੀ। ਇਸ ਦਾ ਭਾਜਪਾ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਭਾਜਪਾ ਆਗੂ ਇਸ ਫ਼ਿਲਮ ਦਾ ਰਿਲੀਜ਼ ਦੇ ਸਮੇਂ ਤੋਂ ਹੀ ਪ੍ਰਚਾਰ ਕਰ ਰਹੇ ਹਨ। ਕਈ ਰਾਜਾਂ ਵਿਚ ਫ਼ਿਲਮ ਨੂੰ ਟੈਕਸ ਮੁਕਤ ਕੀਤਾ ਗਿਆ ਹੈ। ਮੁੱਖ ਮੰਤਰੀ ਦੀ ਰਿਹਾਇਸ਼ 6, ਫਲੈਗ ਸਟਾਫ਼ ਰੋਡ ਉਤੇ ਹੈ। ਰੋਸ ਮੁਜ਼ਾਹਰਾ ਅੱਜ ਸਵੇਰੇ 11.30 'ਤੇ ਸ਼ੁਰੂ ਹੋਇਆ। ਦਿੱਲੀ ਪੁਲੀਸ ਨੇ ਕਿਹਾ ਕਿ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ ਪਰ 15-20 ਮੁਜ਼ਾਹਰਾਕਾਰੀ ਕਿਸੇ ਤਰ੍ਹਾਂ ਫਲੈਗ ਸਟਾਫ਼ ਰੋਡ ਪਹੁੰਚ ਗਏ ਤੇ ਉਨ੍ਹਾਂ ਨੂੰ ਤੁਰੰਤ ਉੱਥੋਂ ਹਟਾ ਦਿੱਤਾ ਗਿਆ। ਡੀਸੀਪੀ ਕਲਸੀ ਨੇ ਦੱਸਿਆ ਕਿ ਕੁਝ ਮੁਜ਼ਾਹਰਾਕਾਰੀ ਕਰੀਬ ਇਕ ਵਜੇ ਦੋ ਬੈਰੀਕੇਡ ਉਲੰਘ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਪਹੁੰਚ ਗਏ ਜਿੱਥੇ ਉਨ੍ਹਾਂ ਹੰਗਾਮਾ ਤੇ ਨਾਅਰੇਬਾਜ਼ੀ ਕੀਤੀ। ਪੁਲੀਸ ਨੇ ਕਿਹਾ ਕਿ ਉਨ੍ਹਾਂ ਕੋਲ ਪੇਂਟ ਦਾ ਇਕ ਛੋਟਾ ਬਕਸਾ ਸੀ ਜੋ ਉਨ੍ਹਾਂ ਮੁੱਖ ਦਰਵਾਜ਼ੇ ਉਤੇ ਸੁੱਟ ਦਿੱਤਾ। ਪੁਲੀਸ ਅਧਿਕਾਰੀ ਨੇ ਕਿਹਾ ਕਿ ਕਰੀਬ 70 ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

### ਰਿਹਾਇਸ਼ ਦੇ ਮੁੱਖ ਗੇਟ ਉਤੇ ਪੇਂਟ ਸੁੱਟਿਆ

## ਕੇਜਰੀਵਾਲ ਤੇ ਹਮਲੇ ਦੇ ਮੁੱਦੇ ਤੇ ਭਾਜਪਾ ਵੱਲੋਂ ਆਪ ਉੱਪਰ ਘਟੀਆ ਰਾਜਨੀਤੀ ਕਰਨ ਦੇ ਦੋਸ਼

ਜਲੰਧਰ-ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ 'ਤੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੇ ਹਮਲੇ ਦਾ ਦੋਸ਼ ਭਾਜਪਾ ਸਿਰ 'ਤੇ ਲਾਉਣ ਨੂੰ ਘਟੀਆ ਰਾਜਨੀਤੀ ਕਰਾਰ ਦਿੱਤਾ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਕੇਜਰੀਵਾਲ ਅਤੇ ਉਸ ਦੇ ਆਗੂਆਂ ਨੂੰ ਵਿਧਾਨ ਸਭਾ ਵਿੱਚ ਕਸ਼ਮੀਰੀ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰਾਂ 'ਤੇ ਬਣੀ ਫਿਲਮ 'ਦਿ ਕਸ਼ਮੀਰ ਫਾਈਲਜ਼' ਉੱਤੇ ਵਿਅੰਗ ਕਸਦਿਆਂ ਪੂਰੀ ਦੁਨੀਆਂ ਨੇ ਦੇਖਿਆ ਹੈ। ਕੇਜਰੀਵਾਲ ਕਹਿ ਰਹੇ ਹਨ ਕਿ ਇਸ ਫਿਲਮ ਨੂੰ ਟੈਕਸ ਮੁਕਤ ਬਣਾਉਣ ਦੀ ਬਜਾਇ ਯੂ-ਟਿਊਬ 'ਤੇ ਪਾ ਦਿੱਤਾ ਜਾਵੇ। ਸ਼ਰਮਾ ਨੇ ਸਵਾਲ ਕੀਤਾ ਕਿ ਜੇ ਇਹ ਫਿਲਮ ਯੂ-ਟਿਊਬ 'ਤੇ ਪਾਉਣੀ ਚਾਹੀਦੀ ਹੈ ਤਾਂ ਉਹ ਆਪਣੀ ਸਰਕਾਰ ਦੇ ਪ੍ਰਚਾਰ 'ਤੇ ਜਨਤਾ ਦੇ ਟੈਕਸ ਦੇ ਕਰੋੜਾਂ ਰੁਪਏ ਕਿਉਂ ਬਰਬਾਦ ਕਰ ਰਹੇ ਹਨ, ਉਹ ਪ੍ਰਚਾਰ ਵੀ ਯੂ-ਟਿਊਬ ਰਾਹੀਂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੇਜਰੀਵਾਲ, ਭਗਵੰਤ ਮਾਨ ਤੇ ਪਾਰਟੀ ਹੋਰ ਆਗੂ ਪਿਛਲੇ ਸਮੇਂ ਵਿਚ ਕੇਂਦਰ ਸਰਕਾਰ 'ਤੇ ਦੋਸ਼ ਲਗਾਉਂਦੇ ਰਹੇ ਸਨ ਕਿ ਸਰਕਾਰ ਉਨ੍ਹਾਂ ਨੂੰ ਦਿੱਲੀ ਵਿਚ ਕੰਮ ਨਹੀਂ ਕਰਨ ਦਿੰਦੀ, ਜਦਕਿ ਕੇਜਰੀਵਾਲ ਸਰਕਾਰ ਦਿੱਲੀ ਨੂੰ ਦੀਵਾਲੀਆ ਬਣਾਉਣ 'ਤੇ ਤੁਲੀ ਹੋਈ ਹੈ। ਅੱਜ ਦਿੱਲੀ ਦਾ ਜਲ ਵਿਭਾਗ 57,000 ਕਰੋੜ ਰੁਪਏ ਦੇ ਕਰਜ਼ੇ ਹੇਠ ਦਬਿਆ ਹੋਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਆਗੂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਦਿੱਲੀ ਮਾਡਲ ਲਾਗੂ ਕਰਨ ਦੇ ਦਾਅਵੇ ਕਰਦੇ ਸਨ ਪਰ ਚੋਣ ਜਿੱਤਣ ਮਗਰੋਂ ਮੁੱਖ ਮੰਤਰੀ ਖ਼ੁਦ ਪ੍ਰਧਾਨ ਮੰਤਰੀ ਕੋਲ ਵਿੱਤੀ ਮਦਦ ਮੰਗਣ ਪੁੱਜ ਗਏ ਹਨ।










ਸਫ਼ਾ 1 ਦੀ ਬਾਕੀ

# ਬਰੈਪਟਨ 'ਚ ਘਰ ਨੂੰ ਲੱਗੀ ਅੱਗ-ਪਰਿਵਾਰ ਦੇ 5 ਜੀਅ ਹਲਾਕ

ਬਰੈਂਪਟਨ-ਕੈਨੇਡਾ ਵਿਚ ਪੰਜਾਬੀਆਂ ਦੀ ਬਹੁਗਿਣਤੀ ਵਾਲੇ ਸ਼ਹਿਰ ਬਰੈਂਪਟਨ ਵਿਚ ਤੜਕਸਾਰ ਇਕ ਘਰ ਨੂੰ ਲੱਗੀ ਅੱਗ ਵਿਚ ਪਤੀ-ਪਤਨੀ ਤੇ ਉਨ੍ਹਾਂ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਹੈ। ਘਰ ਦੀ ਬੇਸਮੈਂਟ 'ਚ ਰਹਿੰਦੇ ਦੋ ਜਣੇ ਮੌਕੇ ਸਿਰ ਨਿਕਲ ਜਾਣ ਕਾਰਣ ਬਚ ਗਏ। ਬੁਰੀ ਤਰਾਂ ਝੁਲਸਿਆ ਇਕ ਬਜ਼ੁਰਗ ਗੰਭੀਰ ਹਾਲਤ ਵਿਚ ਹਸਪਤਾਲ ਦਾਖ਼ਲ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ਹਿਰ ਵਿਚ ਇਸੇ ਸਾਲ ਅੱਗ ਕਾਰਨ ਮੌਤਾਂ ਦੀ ਇਹ ਦੂਜੀ ਘਟਨਾ ਹੈ। ਫਾਇਰ ਚੀਫ਼ ਬਿਲ ਬੋਇ ਨੇ ਕਿਹਾ ਕਿ ਜਾਨਾਂ ਬਚਾ ਸਕਣ ਵਿਚ ਨਾਕਾਮ ਰਹਿਣ ਕਾਰਨ ਉਹ ਦੁਖੀ ਹਨ। ਜਾਣਕਾਰੀ ਅਨੁਸਾਰ ਤੜਕਸਾਰ ਬਰੈਂਪਟਨ ਦੇ ਸੈਂਡਲਵੁੱਡ ਅਤੇ ਕੁਨੈਸਟੋਗਾ ਚੁਰਾਹੇ ਕੋਲ ਘਰ ਨੂੰ ਲੱਗੀ ਅੱਗ ਅਚਾਨਕ ਐਨੀ ਭੜਕ ਗਈ ਕਿ ਅੰਦਰ ਸੁੱਤੇ ਪਰਿਵਾਰ ਨੂੰ ਬਾਹਰ ਨਿਕਲਣ ਦਾ ਮੌਕਾ ਤੱਕ ਨਾ ਮਿਲਿਆ। ਇਸ ਘਟਨਾ ਵਿਚ ਮੁਸਲਿਮ ਭਾਈਚਾਰੇ ਦੇ ਪਰਿਵਾਰ ਦੀਆਂ 11 ਤੇ 6 ਸਾਲ ਦੀਆਂ ਬੇਟੀਆਂ, 9 ਸਾਲ ਦੇ ਬੇਟੇ ਸਮੇਤ ਮਾਤਾ-ਪਿਤਾ ਅੱਗ ਲੱਗਣ ਕਾਰਨ ਝੁਲਸ ਗਏ। ਤਿੰਨ ਜਣੇ ਤਾਂ ਮੌਕੇ 'ਤੇ ਦਮ ਤੋੜ ਗਏ, ਜਦਕਿ ਦੋ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਨੂੰ ਵੀ ਬਚਾਇਆ ਨਹੀਂ ਜਾ ਸਕਿਆ। ਅੱਗ ਦੇ ਕਾਰਨਾਂ ਦਾ ਅਜੇ ਪਤਾ ਨਹੀ ਲੱਗ ਸਕਿਆ ਹੈ। ਪੁਲੀਸ ਨੇ ਮਰਨ ਵਾਲਿਆਂ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ। ਪਿਛਲੇ ਮਹੀਨੇ ਵੀ ਇਸੇ ਤਰ੍ਹਾਂ ਦੀ ਘਟਨਾ ਵਿਚ 15, 12 ਤੇ ਨੌਂ ਸਾਲਾਂ ਦੇ ਤਿੰਨ ਸਕੇ ਭਰਾ ਸੜ ਕੇ ਮਾਰੇ ਗਏ ਸਨ।



# ਮਿਸ ਯੂਨੀਵਰਸ ਹਰਨਾਜ਼ ਸੰਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ-ਮਿਸ ਯੂਨੀਵਰਸ ਹਰਨਾਜ਼ ਕੌਰ ਸੰਧੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਹੈ। ਇਸ ਮੌਕੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਹਾਜ਼ਰ ਰਹੇ। ਮੁੱਖ ਮੰਤਰੀ ਨਾਲ ਮੁਲਾਕਾਤ ਦੌਰਾਨ ਹਰਨਾਜ਼ ਨੇ ਕਿਹਾ ਕਿ ਉਹ ਪੰਜਾਬ ਦੀ ਬਿਹਤਰੀ ਲਈ ਕੁਝ ਕਰਨਾ ਚਾਹੁੰਦੀ ਹਨ। ਉਹ ਸੂਬੇ ਵਿੱਚ ਨਸ਼ਿਆਂ ਖ਼ਿਲਾਫ਼ ਨੌਜਵਾਨਾਂ ਨੂੰ ਜਾਗਰੂਕ ਕਰਨ ਅਤੇ ਔਰਤਾਂ ਦੀ ਭਲਾਈ ਸਣੇ ਕਈ ਅਜਿਹੇ ਕੰਮ ਹਨ, ਜਿਸ ਵਿੱਚ ਉਹ ਵਧ-ਚੜ੍ਹ ਕੇ ਹਿੱਸਾ ਲੈ ਸਕਦੀ ਹੈ। ਮੁੱਖ ਮੰਤਰੀ ਨੇ ਹਰਨਾਜ਼ ਕੌਰ ਸੰਧੂ ਨੂੰ 21 ਸਾਲਾਂ ਬਾਅਦ ਮਿਸ ਯੂਨੀਵਰਸ ਦਾ ਖ਼ਿਤਾਬ ਵਾਪਸ ਭਾਰਤ ਲਿਆ ਕੇ ਦੇਸ਼ ਦਾ ਨਾਂ ਰੌਸ਼ਨ ਕਰਨ ਲਈ ਵਧਾਈ ਦਿੱਤੀ। ਮਿਸ ਯੂਨੀਵਰਸ ਹਰਨਾਜ਼ ਕੌਰ ਸੰਧੂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੋਈ ਲੜਕੀ ਹਿਜਾਬ ਪਾਉਣਾ ਚਾਹੁੰਦੀ ਹੈ ਜਾਂ ਨਹੀਂ, ਇਹ ਉਸ ਦੀ ਮਰਜ਼ੀ ਹੈ। ਜੇ ਕੋਈ ਉਸ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਅੱਗੇ ਆ ਕੇ ਬੋਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਜਿਉਣ ਦੇਣਾ ਚਾਹੀਦਾ ਹੈ। ਦੱਸਣਯਗ ਹੈ ਕਿ ਹਰਨਾਜ਼ ਕੌਰ ਸੰਧੂ ਚੰਡੀਗੜ੍ਹ ਦੇ ਸੈਕਟਰ-42 ਸਥਿਤ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਦੇ ਨਾਲ-ਨਾਲ ਥੀਏਟਰ ਵਿੱਚ ਹਿੱਸਾ ਲੈਂਦੀ ਰਹੀ ਹੈ। ਉਸ ਨੇ ਸਾਲ 2017 ਵਿੱਚ ਪਹਿਲੀ ਵਾਰ ਸਟੇਜ 'ਤੇ ਪੇਸ਼ਕਾਰੀ ਦਿੱਤੀ ਸੀ। ਇਸੇ ਤੋਂ ਚਲਦਿਆਂ ਉਸ ਨੇ ਫੈਸ਼ਨ ਜਗਤ ਵਿੱਚ ਪੈਰ ਰੱਖ ਕੇ ਮਿਸ ਯੂਨੀਵਰਸ ਦਾ ਖ਼ਿਤਾਬ ਹਾਸਲ ਕੀਤਾ। ਹਰਨਾਜ਼ ਕੌਰ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਪੜ੍ਹਾਈ ਕਰ ਰਹੀ ਹੈ, ਉਹ ਆਈਏਐੱਸ ਅਧਿਕਾਰੀ ਬਣਨਾ ਚਾਹੁੰਦੀ ਹੈ।

# ਭਾਰਤੀ ਨੌਜਵਾਨ ਵਲੋਂ ਭਾਰਤੀ ਵਿਦਿਆਰਥਣ ਤੇ ਚਾਕੂ ਨਾਲ ਹਮਲਾ

ਲੰਡਨ-ਪੂਰਬੀ ਲੰਡਨ ਦੇ ਇੱਕ ਹੈਦਰਾਬਾਦੀ ਰੈਸਤਰਾਂ ਵਿੱਚ ਵਿਦਿਆਰਥਣ 'ਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ ਹੇਠ ਭਾਰਤ ਦੇ 23 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀੜਤ ਲੜਕੀ ਸੋਨਾ ਬੀਜੂ ਭਾਰਤੀ ਨਾਗਰਿਕ ਹੈ ਅਤੇ ਉਹ ਕੇਰਲਾ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਉਹ ਪੜ੍ਹਾਈ ਦੇ ਨਾਲ ਈਸਟ ਹੈਮ ਦੇ ਹੈਦਰਾਬਾਦ ਵਾਲਾ ਬਰਿਆਨੀ ਰੈਸਤਰਾਂ ਵਿੱਚ ਵੇਟਰ ਦਾ ਕੰਮ ਵੀ ਕਰਦੀ ਹੈ। ਸ੍ਰੀਰਾਮ ਅੰਬਾਰਲਾ ਨੂੰ ਇਰਾਦਾ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਨੂੰ ਇੱਥੇ ਥੇਮਸ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 25 ਅਪਰੈਲ ਤੱਕ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਮੈਟਰੋਪੌਲੀਟਨ ਪੁਲੀਸ ਨੇ ਬਿਆਨ ਵਿੱਚ ਕਿਹਾ, "ਲੜਕੀ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।" ਪੁਲੀਸ ਨੇ ਕਿਹਾ ਕਿ ਮੁਲਜ਼ਮ ਦਾ ਲੰਡਨ ਵਿੱਚ ਕੋਈ ਪੱਕਾ ਟਿਕਾਣਾ ਨਹੀਂ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਸਿਮਰਨਜੀਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਕਬਜ਼ਾ ਖਤਮ ਕਰਵਾਉਣ ਦੀ ਅਪੀਲ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜ਼ਮੀਨਾਂ ਬਾਦਲਾਂ ਨੇ ਆਪਣੇ ਚਹੇਤਿਆਂ ਨੂੰ ਦੇ ਕੇ ਗੁਰੂ ਘਰਾਂ ਦਾ ਨੁਕਸਾਨ ਕੀਤਾ ਹੈ। ਇਨ੍ਹਾਂ ਜ਼ਮੀਨਾਂ ਦੀ ਨਿਲਾਮੀ ਸਰਕਾਰੀ ਭਾਅ 'ਤੇ ਲੋਕਾਂ ਦੇ ਸਾਹਮਣੇ ਹੋਣੀ ਚਾਹੀਦੀ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਰਫ਼ੋਂ ਸਿਰੋਪਿਆਂ ਉੱਪਰ 18 ਕਰੋੜ ਰੁਪਏ ਖ਼ਰਚ ਕਰਨ ਦੇ ਸੋਸ਼ਲ ਮੀਡੀਆ 'ਤੇ ਚੱਲ ਰਹੇ ਪ੍ਰਚਾਰ 'ਤੇ ਸੁਆਲ ਖੜ੍ਹੇ ਕਰਦਿਆਂ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਪੰਜਾਬ ਦੇ ਗੁਰੂ ਘਰਾਂ ਨੂੰ ਬਾਦਲਾਂ ਤੋਂ ਮੁਕਤ ਕਰਵਾਉਣ ਲਈ ਸਾਰੀਆਂ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ 'ਆਪ' ਵੱਲੋਂ ਰਾਜ ਸਭਾ ਵਿੱਚ ਭੇਜੇ ਪੰਜ ਮੈਂਬਰ ਆਮ ਨਹੀਂ, ਖ਼ਾਸ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬੁੱਧੀਜੀਵੀਆਂ ਦੀ ਘਾਟ ਨਹੀਂ ਹੈ, ਗ਼ੈਰ-ਪੰਜਾਬੀਆਂ ਨੂੰ ਰਾਜ ਸਭਾ ਮੈਂਬਰ ਬਣਾਉਣ ਤੋਂ ਸਾਫ਼ ਹੋ ਗਿਆ ਹੈ ਕਿ ਪੰਜਾਬ ਸਰਕਾਰ ਵੀ ਦਿੱਲੀ ਤੋਂ ਚੱਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ, ਪੰਜਾਬ ਦੇ ਪਾਣੀਆਂ, ਕੇਂਦਰੀ ਪੂਲ ਵਿੱਚੋਂ ਪੰਜਾਬ ਲਈ ਬਿਜਲੀ ਦੀ ਕਟੌਤੀ ਕਰਨ ਤੇ ਹੋਰ ਮਾਮਲਿਆਂ ਵਿੱਚ ਕੇਂਦਰ ਸਰਕਾਰ ਦੀ ਬੇਲੋੜੀ ਦਖ਼ਲਅੰਦਾਜ਼ੀ ਪੰਜਾਬ ਤੋਂ ਇਲਾਵਾ ਦੇਸ਼ ਦੀਆਂ ਘੱਟ ਗਿਣਤੀ ਕੌਮਾਂ ਲਈ ਖ਼ਤਰਾ ਬਣਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕੇਂਦਰ ਵੱਲੋਂ ਲਏ ਜਾ ਰਹੇ ਪੰਜਾਬ ਵਿਰੋਧੀ ਫ਼ੈਸਲਿਆਂ ਦਾ ਸੂਬੇ ਦੇ ਰਾਜ ਸਭਾ ਅਤੇ ਲੋਕ ਸਭਾ ਮੈਂਬਰਾਂ ਨੂੰ ਸਖ਼ਤ ਵਿਰੋਧ ਕਰਨਾ ਚਾਹੀਦਾ ਹੈ।

# ਵਿਲ ਸਮਿਥ ਨੂੰ ਸਰਬੋਤਮ ਅਦਾਕਾਰ ਦਾ ਆਸਕਰ ਪੁਰਸਕਾਰ

## ਪਤਨੀ ਨੂੰ ਭੱਦਾ ਮਜ਼ਾਕ ਕਰਨੇ ਵਾਲੇ ਕਲਾਕਾਰ ਦੇ ਮਾਰਿਆ ਥੱਪੜ



ਲਾਸ ਏਂਜਲਸ-ਇੱਥੇ ਹੋਏ ਆਸਕਰਜ਼ ਐਵਾਰਡ ਸਮਾਗਮ ਵਿੱਚ ਫਿਲਮ 'ਕੋਡਾ' ਨੂੰ 'ਸਰਬੋਤਮ ਫਿਲਮ' ਜਦਕਿ ਵਿੱਲ ਸਮਿੱਥ ਨੂੰ ਫਿਲਮ 'ਕਿੰਗ ਰਿਚਰਡ' ਲਈ 'ਸਰਬੋਤਮ ਅਦਾਕਾਰ' ਦਾ ਪੁਰਸਕਾਰ ਦਿੱਤਾ ਗਿਆ। ਇਸੇ ਸਮਾਗਮ ਦੌਰਾਨ ਆਪਣੀ ਪਤਨੀ ਬਾਰੇ ਸਟੇਜ ਤੋਂ ਮਜ਼ਾਕ ਕੀਤੇ ਜਾਣ ਤੋਂ ਖਫ਼ਾ ਹੋਏ ਵਿੱਲ ਸਮਿੱਥ ਨੇ ਅਦਾਕਾਰ ਕ੍ਰਿਸ ਰੌਕ ਦੇ ਥੱਪੜ ਮਾਰ ਦਿੱਤਾ।ਡੈਨਿਸ ਵਿਲੇਨੇਊਵ ਦੀ ਫਿਲਮ 'ਡਿਊਨ' ਨੇ ਤਕਨੀਕੀ ਸ਼੍ਰੇਣੀਆਂ ਵਿੱਚ ਛੇ ਐਵਾਰਡ ਜਿੱਤੇ। ਇਸੇ ਤਰ੍ਹਾਂ ਫਿਲਮ 'ਕੋਡਾ' ਨੂੰ 'ਸਰਬੋਤਮ ਫਿਲਮ' ਸਮੇਤ ਤਿੰਨਅਕੈਡਮੀ ਐਵਾਰਡ ਮਿਲੇ। ਇਨ੍ਹਾਂ 'ਚੋਂ 'ਅਡੋਪਟਡ ਸਕਰੀਨਪਲੇਅ' ਲਈ ਨਿਰਦੇਸ਼ਕ ਸਿਆਨ ਹੈਡਰ ਅਤੇ 'ਸਹਾਇਕ ਅਦਾਕਾਰ' ਲਈ ਟ੍ਰੌਏ ਕੋਟਸੁਰ ਨੂੰ ਐਵਾਰਡ ਮਿਲਿਆ। ਜੇਨ ਕੈਂਪੀਅਨ ਨੇ 'ਦਿ ਪਾਵਰ ਆਫ ਦਿ ਡੌਗ' ਲਈ 'ਸਰਬੋਤਮ ਨਿਰਦੇਸ਼ਕ' ਦਾ ਐਵਾਰਡ ਜਿੱਤਿਆ।ਐਵਾਰਡ ਬਾਰੇ ਐਲਾਨ ਹੋਣ ਤੋਂ ਕੁਝ ਦੇਰ ਪਹਿਲਾਂ ਪ੍ਰੋਗਰਾਮ ਨੇ ਉਸ ਵੇਲੇ ਨਾਟਕੀ ਮੋੜ ਲਿਆ, ਜਦੋਂ ਵਿੱਲ ਸਮਿੱਥ ਨੇ ਸਟੇਜ 'ਤੇ ਬੇਤੁਕਾ ਮਜ਼ਾਕ ਕਰਨ ਕਰਕੇ ਅਦਾਕਾਰ/ ਕਾਮੇਡੀਅਨ ਕ੍ਰਿਸ ਰੌਕ ਦੇ ਚਪੇੜ ਮਾਰ ਦਿੱਤੀ। ਇਸ ਮਗਰੋਂ ਜਦੋਂ ਸਮਿੱਥ 'ਸਰਬੋਤਮ ਅਦਾਕਾਰ' ਦਾ ਐਵਾਰਡ ਲੈਣ ਸਟੇਜ 'ਤੇ ਗਿਆ ਤਾਂ ਉਸ ਨੇ ਅਕੈਡਮੀ ਅਤੇ ਕਲਾਕਾਰਾਂ ਕੋਲੋਂ ਤਾਂ ਮੁਆਫੀ ਮੰਗੀ ਪਰ ਰੌਕ ਬਾਰੇ ਕੁਝ ਨਹੀਂ ਕਿਹਾ। ਲਾਸ ਏਂਜਲਸ ਪੁਲੀਸ ਡਿਪਾਰਟਮੈਂਟ (ਐੱਲਏਪੀਡੀ) ਨੇ ਦੱਸਿਆ ਕਿ ਰੌਕ ਨੇ ਇਸ ਬਾਰੇ ਕੇਸ ਦਰਜ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ।

### ਪੁਰਸਕਾਰ ਤੋਂ ਖੁੰਝੀ ਭਾਰਤ ਦੀ 'ਰਾਈਟਿੰਗ ਵਿਦ ਫਾਇਰ'

ਭਾਰਤ ਵਿੱਚ ਦਲਿਤ ਮਹਿਲਾਵਾਂ ਵੱਲੋਂ ਚਲਾਏ ਜਾਂਦੇ ਅਖ਼ਬਾਰ 'ਤੇ ਆਧਾਰਿਤ ਦਸਤਾਵੇਜ਼ੀ 'ਰਾਈਟਿੰਗ ਵਿਦ ਫਾਇਰ' 94ਵੇਂ ਆਸਕਰ ਪੁਰਸਕਾਰ ਦੀ ਸਰਬੋਤਮ ਦਸਤਾਵੇਜ਼ੀ ਫੀਚਰ ਸ਼੍ਰੇਣੀ ਵਿੱਚ ਨਾਮਜ਼ਦ ਤਾਂ ਹੋਈ ਪਰ ਪੁਰਸਕਾਰ ਹਾਸਲ ਨਾ ਕਰ ਸਕੀ।



# ਉਲੰਪੀਅਨ ਨੀਰਜ ਕੁਮਾਰ ਸਮੇਤ 65 ਹਸਤੀਆਂ ਨੂੰ ਪਦਮ ਸ੍ਰੀ ਐਵਾਰਡ

ਨਵੀਂ ਦਿੱਲੀ (ਦਿਓਲ)-ਯੂਪੀ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਕਲਿਆਣ ਸਿੰਘ ਸਣੇ ਵੱਖ-ਵੱਖ ਖੇਤਰਾਂ ਦੀਆਂ 65 ਹਸਤੀਆਂ ਨੂੰ ਅੱਜ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਕਲਿਆਣ ਸਿੰਘ ਤੇ ਸ਼ਾਸਤਰੀ ਗਾਇਕਾ ਪ੍ਰਭਾ ਅਤਰੇ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ। ਕਲਿਆਣ ਦੇ ਪੁੱਤਰ ਸੰਸਦ ਮੈਂਬਰ ਰਾਜਵੀਰ ਸਿੰਘ ਨੇ ਇਹ ਸਨਮਾਨ ਹਾਸਲ ਕੀਤਾ। ਇਨ੍ਹਾਂ ਤੋਂ ਇਲਾਵਾ ਅਦਾਕਾਰ ਵਿਕਟਰ ਬੈਨਰਜੀ, 'ਕੋਵੈਕਸੀਨ' ਬਣਾਉਣ ਵਾਲੇ ਭਾਰਤ ਬਾਇਓਟੈੱਕ ਦੇ ਕ੍ਰਿਸ਼ਨਾ ਮੂਰਤੀ ਏਲਾ ਅਤੇ ਸੁਚਿੱਤਰਾ ਕ੍ਰਿਸ਼ਨਾ ਏਲਾ ਨੂੰ ਪਦਮ ਭੂਸ਼ਣ ਨਾਲ ਨਿਵਾਜਿਆ ਗਿਆ ਹੈ। ਮਾਈਕ੍ਰੋਸਾਫਟ ਦੇ ਸੀਈਓ ਸੱਤਿਆ ਨਾਡੇਲਾ ਤੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਨੂੰ ਵੀ ਪਦਮ ਭੂਸ਼ਣ ਪੁਰਸਕਾਰ ਦਿੱਤਾ ਗਿਆ ਹੈ। ਓਲੰਪਿਕ ਸੋਨ ਤਗ਼ਮਾ ਜੇਤੂ ਅਥਲੀਟ ਨੀਰਜ ਚੋਪੜਾ ਨੂੰ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸਾਲ 'ਭਾਰਤ ਰਤਨ' ਲਈ ਕਿਸੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ। ਪੁਰਸਕਾਰ ਸਮਾਰੋਹ ਵਿਚ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਹਾਜ਼ਰ ਸਨ।

# ਵਿਆਹਾਂ ਤੇ ਫਜ਼ੂਲ ਖਰਚੀ ਰੋਕਣ ਲਈ ਕਨੂੰਨ ਬਣਾਉਣ ਦੀ ਮੰਗ-ਐਮ ਪੀ ਡਿੰਪਾ ਨੇ ਲੋਕ ਸਭਾ ਵਿਚ ਮੁੱਦਾ ਉਠਾਇਆ

ਨਵੀਂ ਦਿੱਲੀ-ਕਾਂਗਰਸ ਦੇ ਸੰਸਦ ਮੈਂਬਰ ਜਸਬੀਰ ਸਿੰਘ ਗਿੱਲ ਨੇ ਲੋਕ ਸਭਾ ਵਿੱਚ ਕੇਂਦਰ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣ ਦੀ ਅਪੀਲ ਕੀਤੀ ਜਿਸ ਵਿੱਚ ਵਿਆਹਾਂ ਵਿੱਚ ਵੱਧ ਤੋਂ ਵੱਧ 50 ਬਾਰਾਤੀ ਅਤੇ 11 ਪਕਵਾਨ ਤੋਂ ਵੱਧ ਨਾ ਹੋਣ। ਉਨ੍ਹਾਂ ਸਦਨ ਵਿੱਚ ਸਿਫ਼ਰ ਕਾਲ ਦੌਰਾਨ ਇਹ ਮੰਗ ਉਠਾਈ। ਗਿੱਲ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਵਿਆਹਾਂ ਵਿੱਚ ਬਹੁਤ ਖਰਚਾ ਹੁੰਦਾ ਹੈ, ਬਹੁਤ ਸਾਰੇ ਲੋਕਾਂ ਨੂੰ ਬੁਲਾਇਆ ਜਾਂਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾਂਦੇ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ, 'ਹੁਣ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਕਿ ਵਿਆਹਾਂ 'ਚ 50 ਤੋਂ ਵੱਧ ਬਾਰਾਤ, ਲੜਕੀ ਵਾਲੇ ਪਾਸੇ ਤੋਂ 50 ਤੋਂ ਵੱਧ ਅਤੇ 11 ਤੋਂ ਵੱਧ ਪਕਵਾਨ ਨਹੀਂ ਹੋਣੇ ਚਾਹੀਦੇ।' ਗਿੱਲ ਨੇ ਕਿਹਾ ਕਿ ਗੁਆਂਢੀ ਦੇਸ਼ ਪਾਕਿਸਤਾਨ 'ਚ ਅਜਿਹਾ ਕਾਨੂੰਨ ਬਣਿਆ ਹੈ ਅਤੇ ਇੱਥੇ ਵੀ ਇਹ ਕਾਨੂੰਨ ਬਣਾਉਣ ਦੀ ਲੋੜ ਹੈ। ਇਸ 'ਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਿਹਾ, 'ਇਹ ਕਾਨੂੰਨ ਨਾਲ ਨਹੀਂ, ਇੱਛਾ ਸ਼ਕਤੀ ਨਾਲ ਹੋਵੇਗਾ। ਜੇ ਸੰਸਦ ਮੈਂਬਰ ਖੁਦ ਅਜਿਹਾ ਕਰਨ ਲੱਗ ਜਾਣ ਤਾਂ ਪੂਰਾ ਦੇਸ਼ ਵੀ ਅਜਿਹਾ ਹੀ ਕਰੇਗਾ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਮੈਨੀਟੋਬਾ ਵਿਚ ਸਭ ਤੋਂ ਵੱਡੀ ਡਰੱਗ ਖੇਪ ਜ਼ਬਤ ਕਰਨ ਦੇ ਮਾਮਲੇ ਵਿਚ ਹੈਲਜ ਏਂਜਲਜ ਮੈਂਬਰ ਸਮੇਤ 22 ਖਿਲਾਫ ਦੋਸ਼ ਆਇਦ

ਵਿੰਨੀਪੈਗ-ਮੈਨੀਟੋਬਾ ਆਰਸੀਐਮਪੀ ਨੇ ਆਪਣੀ ਚਾਰ ਸਾਲ ਦੀ ਜਾਂਚ ਦੇ ਹਿੱਸੇ ਵਜੋਂ ਹੈਲਜ ਏਂਜਲਜ ਨਾਲ ਸਬੰਧਿਤ 22 ਵਿਅਕਤੀਆਂ ਖਿਲਾਫ ਦੋਸ਼ ਆਇਦ ਕੀਤੇ ਹਨ। ਪੁਲਿਸ ਨੇ ਇਸ ਨੂੰ ਮੈਨੀਟੋਬਾ ਆਰਸੀਐਮਪੀ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਡਰੱਗ ਬਰਾਮਦਗੀ ਆਖਿਆ ਹੈ। ਮੰਗਲਵਾਰ ਪੁਲਿਸ ਨੇ ਇਕ ਕੌਮੀ ਤੇ ਅੰਤਰਰਾਸ਼ਟਰੀ ਪ੍ਰਾਜੈਕਟ ਡਾਇਵਰਜੈਂਟ ਦੇ ਨਤੀਜਿਆਂ ਦਾ ਐਲਾਨ ਕੀਤਾ ਜਿਹੜਾ ਬੰਦੂਕਾਂ ਤੇ ਨਸ਼ੀਲੇ ਪਦਾਰਥਾਂ ਦੀ ਗੈਰਕਾਨੂੰਨੀ ਦਰਾਮਦ ਅਤੇ ਵਿਤਰਣ 'ਤੇ ਕੇਂਦਰਿਤ ਹੈ। ਮਨੀਟੋਬਾ ਆਰਸੀਐਮਪੀ ਨਾਲ ਫੈਡਰਲ, ਗੰਭੀਰ ਤੇ ਸੰਗਠਿਤ ਅਪਰਾਧ ਦੇ ਅਫਸਰ ਇੰਚਾਰਜ ਇੰਸਪੈਕਟਰ ਗ੍ਰਾਂਟ ਸਟੀਫਨ ਨੇ ਕਿਹਾ ਕਿ ਇਹ ਮਨੀਟੋਬਾ ਆਰਸੀਐਮਪੀ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਡਰੱਗ ਬਰਾਮਦਗੀ ਹੈ। ਜਾਂਚ ਦੌਰਾਨ ਅਫਸਰਾਂ ਨੇ 110 ਕਿਲੋਗ੍ਰਾਮ ਕੋਕੀਨ, ਮੇਥਲਫੇਟਾਮਾਈਨ 41.4 ਕਿਲੋਗ੍ਰਾਮ, ਤਿੰਨ ਕਿਲੋ ਫੈਂਟਾਨਾਇਲ ਅਤੇ ਅੱਧਾ ਕਿਲੋ ਐਮਡੀਐਮਏ ਜ਼ਬਤ ਕੀਤਾ ਹੈ। ਸਟੀਫਨ ਨੇ ਦੱਸਿਆ ਕਿ ਜ਼ਬਤ ਕੀਤੇ ਸਾਰੇ ਨਸ਼ੀਲੇ ਪਦਾਰਥਾਂ ਦੀ ਬਾਜ਼ਾਰ ਵਿਚ ਕੀਮਤ 7 ਕਰੋੜ ਡਾਲਰ (70 ਮਿਲੀਅਨ ਡਾਲਰ) ਹੈ। ਅਧਿਕਾਰੀਆਂ ਨੇ 14 ਹੈਂਡਗਨਸ, ਪੰਜ ਅਸਾਲਟ ਕਿਸਮ ਦੀਆਂ ਰਾਈਫਲਾਂ ਅਤੇ 445000 ਡਾਲਰ ਤੋਂ ਵੀ ਵੱਧ ਕੈਨੇਡੀਅਨ ਕਰੰਸੀ ਜ਼ਬਤ ਕੀਤੀ ਹੈ। ਉਹ ਤੁਹਾਨੂੰ ਇਸ ਬਰਾਮਦਗੀ ਬਾਰੇ ਜਾਣਕਾਰੀ ਹੈਰਾਨ ਕਰਨ ਲਈ ਨਹੀਂ ਸਗੋਂ ਇਹ ਦਿਖਾਉਣ ਲਈ ਦੇ ਰਹੇ ਹਨ ਕਿ ਇਸ ਗੈਰਕਾਨੂੰਨੀ ਉਤਪਾਦ ਨਾਲ ਕਿੰਨੇ ਲੋਕਾਂ ਨੇ ਪ੍ਰਭਾਵਤ ਹੋਣਾ ਸੀ ਅਤੇ ਉਨ੍ਹਾਂ ਨੇ ਨਾ ਕੇਵਲ ਪ੍ਰਭਾਵਤ ਹੋਣਾ ਸੀ ਸਗੋਂ ਉਹ ਮਰ ਵੀ ਸਕਦੇ ਸਨ। ਮਨੀਟੋਬਾ ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਜੇਨ ਮੈਕਲੈਚੀ ਨੇ ਕਿਹਾ ਕਿ ਇਨ੍ਹਾਂ ਗ੍ਰਿਫਤਾਰੀਆਂ ਜਿਸ ਵਿਚ ਇਕ ਗੈਰਕਾਨੂੰਨੀ ਬਾਈਕਰ ਗੈਂਗ ਦਾ ਮੈਂਬਰ ਸ਼ਾਮਿਲ ਹਨ ਦਾ ਮਹੱਤਵਪੂਰਣ ਪ੍ਰਭਾਵ ਪਵੇਗਾ। ਅਸੀਂ ਦੇਸ਼ ਵਿਚ ਬੰਦੂਕਾਂ ਅਤੇ ਨਸ਼ਿਆਂ ਦੇ ਪ੍ਰਵਾਹ ਵਿਚ ਵੱਡਾ ਵਿਘਨ ਪਾਉਣ ਦੇ ਯੋਗ ਹੋਏ ਹਾਂ। ਦੇਸ਼ ਵਿਚ ਅੰਤਰਰਾਸ਼ਟਰੀ ਡਰੱਗ ਦੀ ਦਰਾਮਦਗੀ ਦੇ ਰੁਝਾਨਾਂ ਦਾ ਪਤਾ ਲੱਗਣ ਪਿੱਛੋਂ 2018 ਵਿਚ ਪ੍ਰਾਜੈਕਟ ਡਾਇਵਰਜੈਂਟ ਸ਼ੁਰੂ ਕੀਤਾ ਸੀ। ਜਾਂਚ ਦੌਰਾਨ ਆਰਸੀਐਮਪੀ ਤੇ ਦੂਸਰੀਆਂ ਪੁਲਿਸ ਏਜੰਸੀਆਂ ਨੇ ਕਿਹਾ ਕਿ ਉਨ੍ਹਾਂ ਨੇ ਕੋਕੀਨ, ਮੇਥਮਫੇਟਾਮਾਈਨ, ਫੈਂਟਾਨਾਇਲ ਅਤੇ ਅਸਾਲਟ ਕਿਸਮ ਦੇ ਹਥਿਆਰਾਂ ਦਾ ਵੱਡੇ ਪੱਧਰ 'ਤੇ ਲੈਣ ਦੇਣ ਅਤੇ ਹੇਲਸ ਏਂਜਲਸ ਨਾਲ ਸਬੰਧਾਂ ਦਾ ਪਤਾ ਲਗਾਇਆ।


OASIS WINDOWS INC.

OASIS WINDOWS

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

ENERGY STAR

BBB

• VINYL WINDOWS • CUSTOM MADE TO YOUR SPECIFICATIONS

• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029

Tollfree: 1-800-665-2350

19025-52nd Ave., Surrey, BC

Serving Alberta, British Columbia, Washington & California Since 1989

www.oasiswindows.com


## ਲੰਬੀ ਵਿਚ ਆਪ ਸਰਕਾਰ ਵੱਲੋਂ ਕਿਸਾਨਾਂ ਤੇ ਲਾਠੀਚਾਰਜ ਲਈ...

ਸਫ਼ਾ 1 ਦੀ ਬਾਕੀ

ਉਨ੍ਹਾਂ ਤਰਕ ਪੇਸ਼ ਕੀਤਾ ਕਿ ਇਸ ਤੋਂ ਪਹਿਲਾਂ ਮੁਆਵਜ਼ੇ ਦੇ ਹੱਕਦਾਰਾਂ ਨੂੰ ਅਣਗੌਲਿਆਂ ਕਰਕੇ ਜ਼ਿਲ੍ਹੇ ਦੇ ਸਿਰਫ਼ ਅੱਧੀ ਦਰਜਨ ਪਿੰਡਾਂ ਨੂੰ ਹੀ ਲਾਭਪਾਤਰੀਆਂ 'ਚ ਸ਼ਾਮਲ ਕਰਨਾ ਅਤੇ ਉਨ੍ਹਾਂ ਨੂੰ ਵੀ ਮੁਆਵਜ਼ਾ ਨਾ ਦੇਣਾ, ਨਰਮਾ ਚੁਗਣ ਵਾਲੇ ਮਜ਼ਦੂਰਾਂ ਦੀ ਸ਼ਨਾਖ਼ਤ ਲਈ ਸਰਕਾਰੀ ਹਦਾਇਤਾਂ ਨੂੰ ਉਲੰਘ ਕੇ ਨਰਮਾ ਉਤਪਾਦਕ ਕਿਸਾਨਾਂ ਕੋਲੋਂ ਸਹੀ ਪੁਆਉਣਾ ਤੇ ਮੁਆਵਜ਼ਾ ਸੂਚੀ 'ਚੋਂ ਬਾਹਰ ਛੱਡੇ ਕਿਸਾਨਾਂ ਕੋਲੋਂ 'ਜੇ' ਫਾਰਮ ਜਮ੍ਹਾਂ ਕਰਵਾਉਣ ਵਰਗੀ ਬੇਲੋੜੀ ਸ਼ਰਤ ਲਾ ਕੇ ਡੀਸੀ ਵੱਲੋਂ ਕਿਸਾਨਾਂ, ਮਜ਼ਦੂਰਾਂ ਨੂੰ ਸੰਘਰਸ਼ ਲਈ ਮਜਬੂਰ ਕੀਤਾ ਗਿਆ ਹੈ। ਸ੍ਰੀ ਉਗਰਾਹਾਂ ਨੇ ਕਿਹਾ ਕਿ ਉੱਚ ਅਫ਼ਸਰਸ਼ਾਹੀ ਤੇ ਸਰਕਾਰ ਮੁਲਾਜ਼ਮਾਂ ਨੂੰ ਮੋਹਰਾ ਬਣਾ ਕੇ ਕਿਸਾਨਾਂ ਅਤੇ ਮੁਲਾਜ਼ਮਾਂ ਦਰਮਿਆਨ ਟਕਰਾਅ ਪੈਦਾ ਕਰ ਕੇ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲ ਰਹੀ ਹੈ। ਕਿਸਾਨ ਆਗੂ ਨੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਹੜਤਾਲ ਵਾਪਸ ਲੈ ਕੇ, ਹੱਕੀ ਸੰਘਰਸ਼ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਦਾ ਸਾਥ ਦੇਣ।

## ਸਾਬਕਾ ਲਿਬਰਲ ਸੈਨੇਟਰ ਜੋਇਸ ਫੇਅਰਬੇਅਰਨ ਦਾ 82 ਸਾਲ ਦੀ ਉਮਰ 'ਚ ਦਿਹਾਂਤ

ਓਟਵਾ-ਫੈਡਰਲ ਸਰਕਾਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਾਬਕਾ ਕੈਨੇਡੀਅਨ ਸੈਨੇਟਰ ਜੋਇਸ ਫੇਅਰਬੇਅਰਨ ਦੀ 82 ਸਾਲ ਦੀ ਉਮਰ ਵਿਚ ਮੌਤ ਹੋ ਗਈ ਹੈ। ਮਰਹੂਮ ਸਾਊਥਰਨ ਅਲਬਰਟਾ ਸੈਨੇਟਰ ਜਿਸ ਨੇ 1984 ਵਿਚ ਆਪਣੀ ਨਿਯੁਕਤੀ ਤੋਂ 2013 ਵਿਚ ਅਸਤੀਫਾ ਦੇਣ ਤਕ ਸੇਵਾ ਨਿਭਾਈ, ਦੇ ਸਨਮਾਨ ਵਿਚ ਲੇਥਰਬਰਿਜ ਵਿਚ ਸਰਕਾਰੀ ਇਮਾਰਤਾਂ 'ਤੇ ਝੰਡੇ ਅੱਧੇ ਝੁਕੇ ਰਹਿਣਗੇ। ਸਾਬਕਾ ਪੱਤਰਕਾਰ ਜਿਸ ਦਾ 1939 ਵਿਚ ਲੇਥਰਬਰਿਜ ਵਿਚ ਜਨਮ ਹੋਇਆ ਸੀ ਨੇ ਸਾਬਕਾ ਪ੍ਰਧਾਨ ਮੰਤਰੀ ਪੀਅਰੇ ਟਰੂਡੋ ਦੇ ਦਫ਼ਤਰ ਵਿਚ 14 ਸਾਲ ਕੰਮ ਕੀਤਾ ਸੀ। ਉਹ ਸੈਨੇਟ ਵਿਚ ਸਰਕਾਰ ਦੀ ਆਗੂ ਵਜੋਂ ਕੰਮ ਕਰਨ ਵਾਲੀ ਪਹਿਲੀ ਔਰਤ ਸੀ ਅਤੇ ਇਹ ਅਹੁਦਾ ਉਸ ਕੋਲ 1993 ਤੋਂ 1997 ਤਕ ਰਿਹਾ ਹੈ ਅਤੇ 1997 ਤੋਂ 2010 ਤਕ ਰਾਇਲ ਕੈਨੇਡੀਅਨ ਆਰਟਿਲਰੀ ਦੀ 18ਵੀਂ ਏਅਰ ਡਿਫੈਂਸ ਰੈਜਮੈਂਟ ਦੇ ਨਾਲ ਇਕ ਆਨਰੇਰੀ ਕਰਨਲ ਸੀ। ਉਸ ਨੇ ਭੁੱਲਣ ਦੀ ਬਿਮਾਰੀ ਪਿੱਛੋਂ ਬਿਮਾਰੀ ਦੀ ਲੰਬੀ ਛੁੱਟੀ ਪਿੱਛੋਂ 2013 ਵਿਚ ਅਸਤੀਫਾ ਦਿੱਤਾ ਸੀ।

## 2022 ਕੈਲਗਰੀ ਸਟੈਂਪੀਡ ਦਾ ਪੋਸਟਰ ਜਾਰੀ

ਕੈਲਗਰੀ-ਕੈਲਗਰੀ ਸਟੈਂਪੀਡ ਨੇ ਇਸ ਸਾਲ ਪੋਸਟਰ ਜਾਰੀ ਕੀਤਾ ਹੈ। ਪੋਸਟਰ ਜਿਹੜਾ ਕਲਾਕਾਰ ਕੇਨ ਪੌਂਡਰੀ ਨੇ ਬਣਾਇਆ ਹੈ ਦੀ ਘੁੰਡ ਚੁਕਾਈ ਸਟੈਂਪੀਡ ਮੈਦਾਨਾਂ ਵਿਚ ਕੀਤੀ ਗਈ। ਪੌਂਡਰੀ ਦੇ ਪੋਸਟਰ ਦੀ ਚੋਣ ਕੈਲਗਰੀ ਸਟੈਂਪੀਡ ਪੋਸਟਰ ਮੁਕਾਬਲੇ ਲਈ ਦਿੱਤੀਆਂ ਅਰਜ਼ੀਆਂ ਵਿਚੋਂ ਕੀਤੀ ਗਈ। ਇਸ ਵਿਚ ਹੁਣ 15 ਤੋਂ 24 ਸਾਲ ਦੇ ਨੌਜਵਾਨ ਕਲਾਕਾਰ ਹਿੱਸਾ ਲੈ ਸਕਦੇ ਹਨ। ਪਹਿਲੇ ਸਥਾਨ ਲਈ ਇਨਾਮ 10000 ਡਾਲਰ ਸਕਾਲਰਸ਼ਿਪ ਹੈ। ਇਸ ਸਾਲ ਦਾ ਗਰੇਟੈਸਟ ਆਊਟਡੋਰ ਸ਼ੋਅ ਆਨ ਅਰਥ 8 ਤੋਂ 17 ਜੁਲਾਈ ਤਕ ਚੱਲੇਗਾ।


WE HAVE MOVED TO BIGGER & BETTER LOCATION

#208-7110-120TH ST, SURREY




ICBC

NO WIN NO FEE

WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates

BARRISTERS & SOLICITORS

#208 7110 120TH ST, SURREY, BC V3W 3M8

Tel: 604.543.3886

Toll Free 1.866.543.3886

WWW.SINGHTHINDLAW.COM



# ਜਨਰਲ ਜੋਨਾਥਨ ਵੈਨਸ ਨੇ ਨਿਆਂ 'ਚ ਰੁਕਾਵਟ ਪਾਉਣ ਦਾ ਦੋਸ਼ ਕੀਤਾ ਸਵੀਕਾਰ

ਓਟਵਾ-ਕੈਨੇਡਾ ਦੇ ਸਾਬਕਾ ਚੀਫ ਆਫ ਡਿਫੈਂਸ ਸਟਾਫ ਸੇਵਾਮੁਕਤ ਜਨਰਲ ਜੋਨਾਥਨ ਵੈਨਸ ਨੇ ਨਿਆਂ ਵਿਚ ਰੁਕਾਵਟ ਪਾਉਣ ਦਾ ਆਪਣਾ ਕਸੂਰ ਮੰਨ ਲਿਆ ਹੈ। ਉਸ ਦੇ ਵਕੀਲ ਮੁਤਾਬਿਕ ਓਟਵਾ ਕੋਰਟਰੂਮ ਵਿਚ ਵਰਚੂਅਲ ਤਰੀਕੇ ਨਾਲ ਪੇਸ਼ ਹੁੰਦਿਆਂ ਇਸ ਸਬੰਧੀ ਅਪੀਲ ਬੁੱਧਵਾਰ ਸਵੇਰੇ ਕੀਤੀ ਗਈ ਸੀ। ਵੈਨਸ ਦੇ ਵਕੀਲ ਰੋਡਨੀ ਸੈਲਰ ਨੇ ਅਦਾਲਤ ਵਿਚ ਕਿਹਾ ਕਿ ਵੈਨਸ ਨੇ ਪੂਰੀ ਤਰ੍ਹਾਂ ਗਲਤੀ ਸਵੀਕਾਰ ਕੀਤੀ ਹੈ ਅਤੇ ਮੁਕੰਮਲ ਜ਼ਿੰਮੇਵਾਰੀ ਚੁੱਕੀ ਹੈ। ਆਪਣੇ ਹੇਠ ਕੰਮ ਕਰਦੀਆਂ ਔਰਤ ਮੁਲਾਜ਼ਮਾਂ ਨਾਲ ਅਣਉਚਿੱਤ ਵਿਵਹਾਰ ਬਾਰੇ ਮੀਡੀਆ ਵਿਚ ਆਈਆਂ ਰਿਪੋਰਟਾਂ ਪਿਛੋਂ ਫਰਵਰੀ 2021 ਵਿਚ ਮਿਲਟਰੀ ਪੁਲਿਸ ਨੇ ਵੈਨਸ ਖਿਲਾਫ ਜਾਂਚ ਸ਼ੁਰੂ ਕੀਤੀ ਸੀ। ਚੋਟੀ ਦੇ ਡਿਫੈਂਸ ਅਹੁਦੇ 'ਤੇ ਪੰਜ ਸਾਲ ਰਹਿਣ ਤੇ ਉਸ ਦੀ ਸੇਵਾ ਮੁਕਤੀ ਤੋਂ ਪੰਜ ਹਫ਼ਤਿਆਂ ਪਿਛੋਂ ਦੋਸ਼ ਸਾਹਮਣੇ ਆਏ। ਕੈਨੇਡੀਅਨ ਹਥਿਆਰਬੰਦ ਸੈਨਾਵਾਂ ਅਤੇ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਜੁਲਾਈ ਵਿਚ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਵੈਨਸ 'ਤੇ ਇਕ ਔਰਤ ਨੂੰ ਉਨ੍ਹਾਂ ਦੇ ਫ਼ੌਜੀ ਜਾਂਚ ਅਧਿਕਾਰੀਆਂ ਨਾਲ ਸਬੰਧਾਂ ਬਾਰੇ ਗਲਤ ਬਿਆਨ ਦੇਣ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਕਰਨ ਬਦਲੇ ਨਿਆਂ ਵਿਚ ਰੁਕਾਵਟ ਪਾਉਣ ਦਾ ਦੋਸ਼ ਲਗਾਇਆ ਹੈ। ਅਦਾਲਤ ਵਿਚ ਜਸਟਿਸ ਰਾਬਰਟ ਵੈਡਨ ਨੇ ਸਵੀਕਾਰ ਕੀਤਾ ਕਿ ਵੈਨਸ ਨੇ ਆਪਣਾ ਕਸੂਰ ਸਵੀਕਾਰ ਕਰ ਲਿਆ ਹੈ ਅਤੇ ਮਾਮਲਾ ਮੁਕੱਦਮੇ ਵਿਚ ਨਾ ਫਸਣ ਕਾਰਨ ਅਦਾਲਤ ਦਾ ਕਾਫੀ ਸਮਾਂ ਬਚ ਰਿਹਾ ਹੈ। ਉਂਜ ਇਹ ਕੇਸ ਮਈ 2023 ਵਿਚ ਸ਼ੁਰੂ ਹੋਣਾ ਸੀ। ਵੈਨਸ ਨੂੰ ਸ਼ਰਤ ਤਹਿਤ ਡਿਸਚਾਰਜ ਕੀਤਾ ਗਿਆ ਜਿਸ ਦਾ ਮਤਲਬ ਉਸ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਵੇਗਾ ਪਰ 12 ਮਹੀਨਿਆਂ ਲਈ ਪ੍ਰੋਬੇਸ਼ਨ (ਨੇਕਚਲਣੀ) ਤਹਿਤ ਰਹੇਗਾ। ਫ਼ੌਜ ਦੇ ਸਾਬਕਾ ਕਮਾਂਡਰ ਨੂੰ 80 ਘੰਟੇ ਦੀ ਕਮਿਊਨਿਟੀ ਸੇਵਾ ਵੀ ਕਰਨੀ ਪਵੇਗੀ।



In loving memory of
**Sardar Sukhjinder Singh Gill**
(1943-2022)
**Memorial service and Cremation Ceremony**
Saturday, April 16, 2022
2:00 p.m. to 3:00 p.m.
Riverside Funeral Home & Crematorium
7410, Hopcott Rd. Delta, B.C. V4G1B6
**ANTIM ARDAS**
Saturday, April 16, 2022, 3:30 p.m.
Gurdwara Sahib Brookside,
8365-140 St, Surrey.
Dimple Gill Ph: +1 (604) 726-0642

# ਮਿਸ ਯੂਨੀਵਰਸ ਹਰਨਾਜ਼ ਸੰਧੂ ਵਲੋਂ ਡਾ. ਰੰਧਾਵਾ ਵੂਮੈਨ ਐਂਡ ਬਿਜਨਸ ਐਵਾਰਡ ਨਾਲ ਸਨਮਾਨਿਤ

ਵਿੰਨੀਪੈਗ-ਪਿਛਲੇ ਦਿਨੀ ਵਿਨੀਪੈਗ ਤੋਂ ਡਾ. ਗੁਰਿੰਦਰ ਰੰਧਾਵਾ ਨੇ ਅਮਰੀਕਾ ਵਿਚ ਮਿਸ ਯੂਨੀਵਰਸ ਹਰਨਾਜ਼ ਸੰਧੂ ਤੋਂ ਨੌਜਵਾਨਾਂ ਖ਼ਾਸਕਰ ਔਰਤਾਂ ਅਤੇ ਬੱਚਿਆਂ ਨੂੰ ਪ੍ਰੇਰਿਤ ਕਰਨ ਤੇ ਸ਼ਕਤੀਕਰਨ ਲਈ ਪ੍ਰੇਰਨਾਦਾਇਕ ਵੂਮੈਨ ਤੇ ਬਿਜਨਸ ਐਵਾਰਡ ਪ੍ਰਾਪਤ ਕੀਤਾ ਹੈ। ਉਸ ਨੇ ਵਕਾਰੀ ਪੁਰਸਕਾਰ ਜਿਹੜਾ ਮਾਈ ਡਰੀਮ ਇੰਟਰਟੇਨਮੈਂਟ ਯੂਐਸਏ ਵਲੋਂ ਆਯੋਜਿਤ ਕੀਤਾ ਗਿਆ ਸੀ ਨੂੰ ਪ੍ਰਾਪਤ ਕਰਕੇ ਕੈਨੇਡਾ ਵਿਚ ਸਮੁੱਚੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਮਿਸ ਯੂਨੀਵਰਸ 2021 ਸੰਧੂ ਤੋਂ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਅਮਰੀਕਾ ਦੀਆਂ ਕਈ ਹੋਰ ਸਫਲ ਤੇ ਪ੍ਰੇਰਣਾਦਾਇਕ ਔਰਤਾਂ ਵਿਚ ਉਹ ਕੈਨੇਡਾ ਤੋਂ ਇਕੱਲੀ ਸੀ। ਡਾ. ਗੁਰਿੰਦਰ ਰੰਧਾਵਾ ਨੇ ਐਜੂਕੇਸ਼ਨ ਤੇ ਅੰਗਰੇਜ਼ੀ ਵਿਚ ਮਾਸਟਰਜ਼ ਅਤੇ ਐਜੂਕੇਸ਼ਨਲ ਮਨੋਵਿਗਿਆਨ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ। ਉਹ ਭਾਰਤ ਵਿਚ ਲਗਪਗ 6 ਸਾਲ ਸਥਾਈ ਪ੍ਰੋਫੈਸਰ ਰਹੀ ਅਤੇ 2010 ਵਿਚ ਮਨੀਟੋਬਾ ਦੀ ਰਾਜਧਾਨੀ ਵਿਨੀਪੈਗ ਵਿਚ ਆ ਕੇ ਵਸ ਗਈ।

# ਹੁਣ ਸਰੀ ਡਿਸਟ੍ਰਿਕਟ ਵਿਦਿਆਰਥੀਆਂ ਤੇ ਸਟਾਫ ਲਈ ਮਾਸਕ ਪਹਿਨਣਾ ਇੱਛਾ ਤੇ ਨਿਰਭਰ

ਸਰੀ-ਸਰੀ ਤੇ ਵਾਈਟ ਰੌਕ ਵਿਚ ਸਕੂਲ ਨੂੰ ਵਾਪਸ ਜਾ ਰਹੇ ਵਿਦਿਆਰਥੀਆਂ ਨੂੰ ਹੁਣ ਲਾਜ਼ਮੀ ਰੂਪ ਵਿਚ ਮਾਸਕ ਪਹਿਨਣ ਦੀ ਲੋੜ ਨਹੀਂ। ਨਵੇਂ ਪ੍ਰਾਂਤਿਕ ਸਿਹਤ ਦਿਸ਼ਾਨਿਰਦੇਸ਼ਾਂ ਜਿਹੜੇ ਇਸ ਮਹੀਨੇ ਦੇ ਸ਼ੁਰੂ ਵਿਚ ਐਲਾਨੇ ਗਏ ਸੀ ਜਿਹੜੇ ਸਪਰਿੰਗ ਬਰੇਕ ਦੇ ਪਹਿਲੇ ਦਿਨ ਅਮਲ ਵਿਚ ਆ ਗਏ ਤਹਿਤ ਸਟਾਫ ਜਾਂ ਵਿਦਿਆਰਥੀਆਂ ਨੂੰ ਚਿਹਰਾ ਢੱਕਣ ਦੀ ਲੋੜ ਨਹੀਂ। ਪਿਛਲੇ ਸਾਲ ਸਤੰਬਰ ਵਿਚ ਕਲਾਸਾਂ ਸ਼ੁਰੂ ਹੋਣ ਪਿੱਛੋਂ ਚੌਥੀ ਤੋਂ ਬਾਰ੍ਹਵੀਂ ਕਲਾਸ ਤਕ ਦੇ ਵਿਦਿਆਰਥੀਆਂ ਲਈ ਮਾਸਕ ਪਹਿਨਣਾ ਲਾਜ਼ਮੀ ਸੀ ਅਤੇ ਸਰੀ ਬੋਰਡ ਆਫ ਐਜੂਕੇਸ਼ਨ ਨੇ ਅਗਲੇ ਮਹੀਨੇ ਇਹ ਕਿੰਡਰਗਾਰਟਨ ਤੋਂ ਤੀਸਰੀ ਕਲਾਸ ਤਕ ਵਧਾ ਦਿੱਤਾ ਸੀ। ਸਰੀ ਸਕੂਲ ਡਿਸਟ੍ਰਿਕਟ ਨੇ ਆਪਣੀ ਵੈੱਬਸਾਈਟ 'ਤੇ ਤਾਜ਼ਾ ਦਿਸ਼ਾ ਨਿਰਦੇਸ਼ ਪੋਸਟ ਕੀਤੇ ਹਨ। ਇਸ ਵਿਚ ਕਿਹਾ ਗਿਆ ਕਿ ਜੇਕਰ ਇੱਛਾ ਹੋਵੇ ਤਾਂ ਮਾਸਕ ਅਜੇ ਵੀ ਪਹਿਨੇ ਜਾ ਸਕਦੇ ਹਨ ਅਤੇ ਸਾਡੇ ਸਾਰੇ ਸਕੂਲਾਂ ਵਿਚ ਇਸ ਚੋਣ ਦਾ ਸਮਰਥਨ ਕੀਤਾ ਜਾਵੇਗਾ ਅਤੇ ਸਤਿਕਾਰ ਵਜੋਂ ਪੇਸ਼ ਆਇਆ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕਿਸੇ ਨੇ ਸਪਰਿੰਗ ਬਰੇਕ 'ਤੇ ਵਿਦੇਸ਼ ਵਿਚ ਛੁੱਟੀ ਮਨਾਈ ਹੈ ਤਾਂ ਉਹ ਕੈਨੇਡਾ ਵਾਪਸੀ ਪਿੱਛੋਂ 14 ਦਿਨ ਇਨਡੋਰ ਅਤੇ ਆਊਟਡੋਰ ਲਾਜ਼ਮੀ ਰੂਪ ਵਿਚ ਮਾਸਕ ਪਹਿਨ ਕੇ ਰੱਖਣਗੇ। ਇਨਡੋਰ ਸਕੂਲ ਇਕੱਠਾਂ ਦੀ ਸਮਰਥਾ ਅਜੇ ਵੀ 50 ਫ਼ੀਸਦੀ ਤਕ ਸੀਮਤ ਹੈ ਪਰ ਸਕੂਲ ਦੀ ਅਗਵਾਈ ਵਾਲੇ ਇਕੱਠਾਂ ਤੇ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਟੀਕਾਕਰਣ ਦੇ ਸਬੂਤ ਦੀ ਲੋੜ ਨਹੀਂ। ਇਕੱਠ ਦੀ ਹੱਦ 8 ਅਪ੍ਰੈਲ ਨੂੰ ਚੁੱਕ ਲਏ ਜਾਣ ਦੀ ਸੰਭਾਵਨਾ ਹੈ।

**ROHITA PANNU LAW CORPORATION**
**BARRISTER & SOLICITOR**




**SERVICES**
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**
**Fax : 604.589.1556**
www.rohitapannulaw.com
# 102-9278, 120th Street, Surrey, BC V3V 4W8

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 2 ਅਪ੍ਰੈਲ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com





# ਪ੍ਰਧਾਨ ਮੰਤਰੀ ਟਰੂਡੋ ਨੇ ਵੈਨਕੂਵਰ ਸਕੂਲ ਤੇ ਯੂਕਰੇਨੀ ਬੇਕਰੀ ਦਾ ਕੀਤਾ ਦੌਰਾ

ਵੈਨਕੂਵਰ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੈਨਕੂਵਰ ਦੇ ਇਕ ਸਕੂਲ ਵਿਚ ਵਿਦਿਆਰਥੀਆਂ ਨੂੰ ਮਜ਼ਾਕ ਵਿਚ ਚਿਤਾਵਨੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਬਸਟੀਚਿਊਟ ਅਧਿਆਪਕਾਂ ਨਾਲ ਚੰਗਾ ਵਿਹਾਰ ਕਰਨ ਦੀ ਲੋੜ ਹੈ ਕਿਉਂਕਿ ਉਨ੍ਹਾਂ ਨੂੰ ਕਦੇ ਵੀ ਪਤਾ ਨਹੀਂ ਲੱਗੇਗਾ ਕਿ ਸਾਬਕਾ ਅਧਿਆਪਕ ਕਦੋਂ ਪੁਲਿਸ ਅਫਸਰਾਂ ਦੇ ਮੋਟਰ ਕਾਫਲੇ ਨਾਲ ਉਨ੍ਹਾਂ ਦੇ ਸਮਰਥਨ ਵਿਚ ਆ ਜਾਣ। ਟਰੂਡੋ ਡੇਵਿਡ ਥੌਮਸਨ ਸੈਕੰਡਰੀ ਸਕੂਲ ਵਿਖੇ ਸਬਸਟੀਚਿਊਟ ਅਧਿਆਪਕ ਸੀ ਅਤੇ ਉਨ੍ਹਾਂ ਗਰੇਡ 10 ਦੇ ਸਾਇੰਸ ਦੇ 60 ਵਿਦਿਆਰਥੀਆਂ ਦੇ ਗਰੁੱਪ ਨੂੰ ਕਿਹਾ ਕਿ ਉਸ ਆਪਣੀ ਪੜ੍ਹਾਉਣ ਦੀ ਮਾਨਸਿਕਤਾ ਨੂੰ ਹਰ ਰੋਜ਼ ਵਰਤਦਾ ਹੈ। ਉਨ੍ਹਾਂ ਕਿਹਾ ਕਿ ਉਸ ਨੇ ਜਿੰਦਗੀ ਵਿਚ ਜੋ ਕੁਝ ਵੀ ਕੀਤਾ ਉਸ




ਲਈ ਪੜ੍ਹਾਉਣਾ ਉਸ ਦਾ ਇਕ ਰਸਤਾ ਸੀ। ਡਾਊਨਟਾਊਨ ਵੈਨਕੂਵਰ ਦੇ ਫੇਅਰਮੌਂਟ ਹੋਟਲ ਵਿਚ ਦੋ ਫੰਡਰੇਜ਼ਰਾਂ ਵਿਚੋਂ ਪਹਿਲੇ ਬਾਰੇ ਸਮਾਗਮ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਕੈਨੇਡਾ ਦੀ ਨਿਕਾਸ ਕਟੌਤੀ ਯੋਜਨਾ ਸ਼ੁਰੂ ਕਰਨ ਬਾਰੇ ਗੱਲਬਾਤ ਕੀਤੀ ਜਿਹੜੀ ਹਾਊਸ ਆਫ ਕਾਮਨਜ਼ ਵਿਚ ਪੇਸ਼ ਕੀਤੀ ਗਈ ਹੈ। ਇਸ ਵਿਚ 2030 ਤਕ ਤੇਲ ਤੇ ਕੁਦਰਤੀ ਗੈਸ ਸੈਕਟਰ ਵਿਚ 42 ਫ਼ੀਸਦੀ ਕਟੌਤੀ ਦਾ ਸੱਦਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਟਰੂਡੋ ਯੁਕਰੇਨੀ ਪ੍ਰਵਾਸੀ ਇਰੀਨਾ ਕਾਰਪੇਨਕੋ ਅਤੇ ਸੇਰਗੀ ਕੁਜ਼ਨੀਤਸੋਵ ਮਾਲਕਾਂ ਦੀ ਬੇਕਰੀ 'ਤੇ ਰੁਕੇ। ਜੋੜਾ 8 ਸਾਲ ਪਹਿਲਾਂ ਕੈਨੇਡਾ ਆਇਆ ਸੀ। ਕਾਰਪੇਨਕੋ ਦੀ ਭੈਣ 32 ਸਾਲਾ ਟੈਟੀਆਨਾ ਰੋਜਲਾਚ ਅਤੇ ਤੇ ਉਸ ਦਾ 11 ਸਾਲਾ ਪੁੱਤਰ ਉਨ੍ਹਾਂ ਦੀ ਮੁਲਾਕਾਤ ਵਿਚ ਸ਼ਾਮਿਲ ਹੋਏ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

## 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MES MEDALLION CLUB MEMBER
Ram Johal
604-356-5555

www.sunnysangha.com | info@sunnysangha.com

# ਖ਼ਾਲਸਾ ਸਕੂਲ ਸਰੀ ਵਿਖੇ ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ ਦੀ ਆਰੰਭਤਾ ਸੰਬੰਧੀ ਸ਼ਤਾਬਦੀ ਸਮਾਗਮ

ਸਰੀ (ਹਰਦਮ ਮਾਨ)-ਖ਼ਾਲਸਾ ਸਕੂਲ ਸਰੀ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਵੱਲੋਂ ਲਿਖੀਆਂ ਜੇਲ੍ਹ ਚਿੱਠੀਆਂ ਦੀ ਆਰੰਭਤਾ ਦਾ ਸ਼ਤਾਬਦੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਉੱਘੇ ਸਿੱਖ ਵਿਦਵਾਨ ਸ। ਜੈਤੇਗ ਸਿੰਘ ਅਨੰਤ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਕਰਦਿਆਂ ਖਾਲਸਾ ਸਕੂਲ ਦੇ ਧਰਮ ਅਧਿਆਪਨ ਦੇ ਮੁਖੀ ਗਿਆਨੀ ਕੁਲਵਿੰਦਰ ਸਿੰਘ ਨੇ ਇਸ ਇਤਿਹਾਸਕ ਦਿਨ ਦੀ ਮਹੱਤਤਾ ਅਤੇ ਸ। ਜੈਤੇਗ ਸਿੰਘ ਅਨੰਤ ਦੀਆਂ ਵੱਡਮੁੱਲੀਆਂ ਸੇਵਾਵਾਂ ਤੇ ਉਨ੍ਹਾਂ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਨੇੜਤਾ ਦਾ ਜ਼ਿਕਰ ਕੀਤਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਬਾਰੇ ਬੋਲਦਿਆਂ ਜੈਤੇਗ ਸਿੰਘ ਅਨੰਤ ਨੇ ਦੱਸਿਆ ਕਿ ਭਾਈ ਸਾਹਿਬ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿੱਚੋਂ ਇੱਕ ਸਨ। ਉਨ੍ਹਾਂ ਨੂੰ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਮਈ 1915 ਵਿਚ







ਨਾਭੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਲਾਹੌਰ, ਮੁਲਤਾਨ ਤੇ ਹਜ਼ਾਰੀ ਬਾਗ ਜੇਲ੍ਹ ਤੋਂ ਬਾਅਦ ਰਾਜਮੁੰਦਰੀ ਜੇਲ੍ਹ ਵਿਚ ਸੰਨ 1921 ਵਿਚ ਆਏ ਤੇ ਮਾਰਚ 1922 ਨੂੰ ਜੇਲ੍ਹ ਚਿੱਠੀਆਂ ਦੀ ਆਰੰਭਤਾ ਹੋਈ ਸੀ। ਉਨ੍ਹਾਂ ਪਹਿਲੀ ਚਿੱਠੀ ਗਿਆਨੀ ਨਾਹਰ ਸਿੰਘ ਨੂੰ 19 ਮਾਰਚ 1922, ਦੂਜੀ 24 ਮਾਰਚ ਤੇ ਤੀਜੀ 30 ਮਾਰਚ 1922 ਨੂੰ ਰਾਜਮੰਦਰੀ ਜੇਲ੍ਹ ਵਿੱਚੋਂ ਲਿਖੀ ਸੀ। ਗਿਆਨੀ ਨਾਹਰ ਸਿੰਘ ਉਨ੍ਹਾਂ ਦਾ ਸੰਗੀ ਸਾਥੀ ਜਿਹੜਾ ਫਿਰੋਜ਼ਪੁਰ ਛਾਉਣੀ ਕੇਸ ਵਿਚ ਭਾਈ ਸਾਹਿਬ ਨਾਲ ਗ੍ਰਿਫਤਾਰ ਹੋਇਆ ਸੀ ਅਤੇ ਸੰਨ 1919 ਨੂੰ ਰਿਹਾਅ ਹੋ ਗਿਆ ਸੀ। ਇਸ ਤਰ੍ਹਾਂ ਇਹ ਚਿੱਠੀਆਂ 14 ਸਾਲ ਗਿਆਨੀ ਨਾਹਰ ਸਿੰਘ ਨੇ ਆਪਣੇ ਸੀਨੇ ਨਾਲ ਲਾ ਕੇ ਰੱਖੀਆਂ ਸਨ। ਜਿਸ ਦੀ ਪ੍ਰਕਾਸ਼ਨਾ ਸੰਨ 1936 ਵਿਚ ਹੋਈ ਸੀ। ਰਾਜਮੁੰਦਰੀ ਜੇਲ੍ਹ ਦੀ ਇੱਕ ਹੋਰ ਮਹੱਤਵਪੂਰਨ ਤਾਰੀਕ ਇਹ ਹੈ ਕਿ ਇੱਥੋਂ ਭਾਈ ਸਾਹਿਬ ਰਣਧੀਰ ਸਿੰਘ ਨੇ ਆਪਣੀ ਪੁਸਤਕ "ਗੁਰਮਤਿ ਬਿਬੇਕ" ਦੀ ਰਚਨਾ ਕੀਤੀ। ਸਮਾਗਮ ਵਿਚ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਇਸ ਯਾਦਗਾਰੀ ਦਿਹਾੜੇ ਨੂੰ ਯਾਦ ਕਰਦਿਆਂ ਉਸ ਗ਼ਦਰੀ ਯੋਧੇ, ਸੰਤ ਸਿਪਾਹੀ ਦੀ ਇਸ ਵਡਮੁੱਲੀ ਕਿਰਤ ਅੱਗੇ ਆਪਣਾ ਸੀਸ ਨਿਵਾਇਆ।

## ਕਿਸ਼ੋਰ ਲੜਕੀ ਲਗਪਗ ਤਿੰਨ ਮਹੀਨਿਆਂ ਤੋਂ ਲਾਪਤਾ

ਸਰੀ-18 ਸਾਲਾ ਲੜਕੀ ਹੈਲੀ ਮੈਕਲਲੈਂਡ 7 ਜਨਵਰੀ ਤੋਂ ਲਾਪਤਾ ਹੈ ਅਤੇ ਪੁਲਿਸ ਉਸ ਦੀ ਅਜੇ ਭਾਲ ਕਰ ਰਹੀ ਹੈ। ਸਰੀ ਪੁਲਿਸ ਮੁਤਾਬਿਕ 18 ਸਾਲਾ ਮੈਕਲਲੈਂਡ ਨੂੰ ਆਖਰੀ ਵਾਰ 96ਵੀਂ ਐਵੀਨਿਊ ਦੇ 15100 ਬਲਾਕ ਵਿਚ ਦੇਖਿਆ ਗਿਆ ਸੀ। ਸਰੀ ਆਰਸੀਐਮਪੀ ਅਧਿਕਾਰੀ ਵਨੇਸਾ ਮੁਨ ਨੇ ਕਿਹਾ ਕਿ ਸੰਭਾਵਤ ਦ੍ਰਿਸ਼ਾਂ ਦੀਆਂ ਕਈ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਹਨ। ਪੁਲਿਸ ਨੇ ਮਿਲੀ ਸਾਰੀ ਜਾਣਕਾਰੀ ਦੀ ਪੈਰਵੀ ਕੀਤੀ ਪਰ ਉਸ ਦਾ ਪਤਾ ਨਹੀਂ ਲੱਗਾ। ਪੁਲਿਸ ਨੇ ਕਿਹਾ ਕਿ ਮੈਕਲਲੈਂਡ ਦਾ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਸੰਪਰਕ ਵਿਚ ਨਾ ਰਹਿਣਾ ਅਸਾਧਾਰਨ ਨਹੀਂ ਹੈ। ਸਮਾਂ ਬੀਤਣ ਨਾਲ ਚਿੰਤਾ ਪੈਦਾ ਹੋ ਰਹੀ ਹੈ। ਪੁਲਿਸ ਉਸ ਦੀ ਭਾਲ ਵਿਚ ਲੋਕਾਂ ਨੂੰ ਸਹਾਇਤਾ ਕਰਨ ਦੀ ਅਪੀਲ ਕਰ ਰਹੀ ਹੈ।

## ਨੌਰਥ ਡੈਲਟਾ ਜਾਨਲੇਵਾ ਗੋਲੀਬਾਰੀ ਲਈ ਐਬਟਸਫੋਰਡ ਦੇ ਵਿਅਕਤੀ 'ਤੇ ਦੋਸ਼ ਆਇਦ

ਸਰੀ-ਪੁਲਿਸ ਨੇ 4 ਫਰਵਰੀ ਦੀ ਨੌਰਥ ਡੈਲਟਾ ਵਿਚ ਜਾਨਲੇਵਾ ਗੋਲੀਬਾਰੀ ਦੀ ਵਾਪਰੀ ਘਟਨਾ ਦੇ ਸਬੰਧ ਵਿਚ 31 ਸਾਲਾ ਐਰੋਨ ਸਪੈਂਸਰ ਡੁਟਿਆਉਮ ਖਿਲਾਫ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲਗਾਇਆ ਹੈ। ਪ੍ਰੈਸ ਰਿਲੀਜ਼ ਮੁਤਾਬਿਕ ਡੀਪੀਡੀ ਅਫਸਰ 4 ਫਰਵਰੀ ਨੂੰ ਤੜਕੇ 2.05 ਵਜੇ 92ਵੀਂ ਐਵੀਨਿਊ ਦੇ 11800 ਬਲਾਕ ਵਿਚ ਇਕ ਘਰ ਵਿਖੇ ਗੋਲੀਬਾਰੀ ਦੀ ਘਟਨਾ ਦੀ ਰਿਪੋਰਟ ਮਿਲਣ ਪਿੱਛੋਂ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਉਥੇ ਇਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿਚ ਮਿਲਿਆ। ਉਸ ਦੀ ਜਿੰਦਗੀ ਬਚਾਉਣ ਦੀਆਂ ਕੋਸ਼ਿਸ਼ ਦੇ ਬਾਵਜੂਦ ਉਹ ਵਿਅਕਤੀ ਜ਼ਖ਼ਮਾਂ ਕਾਰਨ ਦਮ ਤੋੜ ਗਿਆ। ਡੈਲਟਾ ਪੁਲਿਸ ਨੇ ਮ੍ਰਿਤਕ ਦੀ ਪਛਾਣ 54 ਸਾਲਾ ਡਾਨਾ ਗਿਲਬਰਟਸਨ ਵਜੋਂ ਕੀਤੀ ਹੈ। ਡੀਪੀਡੀ ਦੇ ਮੇਜਰ ਕਰਾਈਮ ਸੈਕਸ਼ਨ ਨੇ ਜਾਂਚ ਦਾ ਕੰਮ ਹੱਥਾਂ ਵਿਚ ਲੈ ਕੇ ਗੋਲੀਬਾਰੀ ਲਈ ਸ਼ੱਕੀ ਨੂੰ 12 ਫਰਵਰੀ ਨੂੰ ਗ੍ਰਿਫਚਾਰ ਕਰ ਲਿਆ। 30 ਮਾਰਚ ਨੂੰ ਪੁਲਿਸ ਨੇ ਐਲਾਨ ਕੀਤਾ ਕਿ ਕਰਾਊਨ ਕੌਂਸਲ ਨੇ ਐਬਟਸਫੋਰਡ ਦੇ 31 ਸਾਲਾ ਐਰੋਨ ਸਪੈਂਸਰ ਡੂਟਿਆਉਮ ਖਿਲਾਫ ਸੈਕਿੰਡ ਡਿਗਰੀ ਕਤਲ ਦੀ ਮਨਜ਼ੂਰੀ ਦੇ ਦਿੱਤੀ ਹੈ। ਅਦਾਲਤ ਵਿਚ ਪੇਸ਼ੀ ਤਕ ਉਹ ਹਿਰਾਸਤ ਵਿਚ ਰਹੇਗਾ। ਪੁਲਿਸ ਨੂੰ ਸ਼ੱਕ ਹੈ ਕਿ ਇਹ ਕਤਲ ਵੱਖਰੀ ਮਿਥ ਕੇ ਕੀਤੀ ਗਈ ਘਟਨਾ ਹੈ ਅਤੇ ਇਸ ਦਾ ਲੋਅਰ ਮੇਨਲੈਂਡ ਗੈਂਗ ਵਾਰ ਨਾਲ ਸਬੰਧ ਨਹੀਂ। ਇਸ ਹਿੰਸਕ ਅਪਰਾਧ ਨੇ ਨੌਰਥ ਡੈਲਟਾ ਨੇਬਰਹੁੱਡ ਵਿਚ ਕਾਫੀ ਡਰ ਪੈਦਾ ਕਰ ਦਿੱਤਾ ਹੈ।

## ਲਿਬਰਲ ਵਲੋਂ ਐਫ-35 ਲੜਾਕੂ ਜਹਾਜ਼ ਖਰੀਦਣ ਲਈ ਗੱਲਬਾਤ ਸ਼ੁਰੂ

ਓਟਵਾ-ਲਿਬਰਲ ਸਰਕਾਰ ਐਫ-35 ਲੜਾਕੂ ਜੈੱਟ ਜਹਾਜ਼ਾਂ ਦੀ ਖਰੀਦ ਲਈ ਅੰਤਿਮ ਸਮਝੌਤਾ ਗੱਲਬਾਤ ਸ਼ੁਰੂ ਕਰ ਰਹੀ ਹੈ। ਪ੍ਰੋਕਿਊਰਮੈਂਟ ਮੰਤਰੀ ਫਿਲੋਮੇਨਨਾ ਅਤੇ ਰੱਖਿਆ ਮੰਤਰੀ ਅਨੀਤਾ ਅਨੰਦ ਨੇ ਨਿਊਜ਼ ਕਾਨਫਰੰਸ ਵਿਚ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਫ਼ੈਸਲੇ ਦਾ ਐਲਾਨ ਕੀਤਾ। ਇਸ ਕਦਮ ਦਾ ਮਤਲਬ ਇਹ ਨਹੀਂ ਕਿ ਅਮਰੀਕੀ ਦਿਗਜ ਕੰਪਨੀ ਲੌਕਹੀਡ ਮਾਰਟਿਨ ਤੋਂ ਸਟੀਲਥ ਲੜਾਕੂ ਦੀ ਖਰੀਦ ਦਾ ਸੌਦਾ ਅਧਿਕਾਰਤ ਤੌਰ 'ਤੇ ਕਰ ਲਿਆ ਹੈ। ਅਨੰਦ ਨੇ ਕਿਹਾ ਕਿ ਸਰਕਾਰ ਕੋਲ ਅਜੇ ਵੀ ਲਾਕਹੀਡ ਮਾਰਟਿਨ ਨਾਲ ਗੱਲਬਾਤ ਸ਼ੁਰੂ ਕਰਨ ਲਈ ਐਸਏਏਬੀ ਨਾਲ ਉਸ ਦੇ ਗ੍ਰਿਪੇਨ ਲੜਾਕੂ ਬਾਰੇ ਗੱਲਬਾਤ ਸ਼ੁਰੂ ਕਰਨ ਦਾ ਵਿਕਲਪ ਹੈ। ਇਹ ਖਰੀਦ ਖੁਲ੍ਹੀ, ਪਾਰਦਰਸ਼ੀ, ਪ੍ਰਤੀਯੋਗੀ, ਸਖਤ ਪ੍ਰਕਿਰਿਆ ਵਾਲੀ ਹੈ। ਸਾਨੂੰ ਸਹੀ ਕੀਮਤ 'ਤੇ ਸਹੀ ਜਹਾਜ਼ਾਂ ਦੀ ਲੋੜ ਹੈ।




ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

Bank Turndown?
Could be just
what you need!

Quick
Private
Funds



- $10,000 to $1 Million in just 24 Hours
- Up to $5 Million Available

Call today to get started
SANJEEV KATYAL
604.767.5194
Info@katyalmortgage.ca

invis
Canada's Mortgage Experts™

WWW.KATYALMORTGAGE.CA

# ਰੂਸ-ਯੂਕਰੇਨ ਜੰਗ ਕਾਰਨ 40 ਲੱਖ ਤੋਂ ਵੱਧ ਸ਼ਰਨਾਰਥੀਆਂ ਨੇ ਯੂਕਰੇਨ ਛੱਡਿਆ






ਜਨੇਵਾ-ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਕਿਹਾ ਹੈ ਕਿ ਰੂਸ ਵੱਲੋਂ ਜੰਗ ਸ਼ੁਰੂ ਕਰਨ ਤੋਂ ਬਾਅਦ ਹੁਣ ਤੱਕ 40 ਲੱਖ ਤੋਂ ਵੱਧ ਸ਼ਰਨਾਰਥੀ ਯੂਕਰੇਨ ਛੱਡ ਕੇ ਜਾ ਚੁੱਕੇ ਹਨ। ਏਜੰਸੀ ਮੁਤਾਬਕ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਹੈ। ਇਸ ਸਬੰਧੀ ਨਵੇਂ ਅੰਕੜੇ ਯੂਐੱਨਐੱਚਸੀਆਰ ਵੈੱਬਸਾਈਟ 'ਤੇ ਪਾਏ ਗਏ ਹਨ। ਹੁਣ ਤੱਕ 23 ਲੱਖ ਤੋਂ ਵੱਧ ਲੋਕ ਪੋਲੈਂਡ ਪੁੱਜ ਚੁੱਕੇ ਹਨ, ਪਰ ਕਈ ਹੋਰ ਮੁਲਕਾਂ ਵੱਲ ਜਾ ਰਹੇ ਹਨ ਜਾਂ ਵਾਪਸ ਯੂਕਰੇਨ ਪੁੱਜ ਰਹੇ ਹਨ। ਸਹਾਇਤਾ ਕਾਮਿਆਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਵਿੱਚ ਸ਼ਰਨਾਰਥੀਆਂ ਦੀ ਗਿਣਤੀ ਘਟਣ ਲੱਗੀ ਹੈ ਕਿਉਂਕਿ ਵੱਡੀ ਗਿਣਤੀ 'ਚ ਲੋਕ ਯੁੱਧ ਖਤਮ ਹੋਣ ਸਬੰਧੀ ਤਾਜ਼ੇ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਇੱਕ ਅੰਦਾਜ਼ੇ ਮੁਤਾਬਕ ਲਗਪਗ 65 ਲੱਖ ਲੋਕਾਂ ਨੂੰ ਮੁਲਕ ਵਿੱਚ ਹੀ ਆਪਣੇ ਘਰਾਂ ਨੂੰ ਛੱਡ ਕੇ ਦੂਜੀਆਂ ਥਾਵਾਂ 'ਤੇ ਜਾਣਾ ਪੈ ਰਿਹਾ ਹੈ।



ਸਰਕਾਰਾਂ ਵੱਲੋਂ ਮੁਹੱਈਆ ਕਰਵਾਏ ਅੰਕੜਿਆਂ ਮੁਤਾਬਕ 24 ਫਰਵਰੀ ਤੋਂ ਸ਼ੁਰੂ ਹੋਈ ਜੰਗ ਤੋਂ ਬਾਅਦ ਹੁਣ ਤੱਕ 608,000 ਲੋਕ ਰੋਮਾਨੀਆ 'ਚ ਦਾਖ਼ਲ ਹੋ ਚੁੱਕੇ ਹਨ, 387,000 ਮੋਲਦੋਵਾ ਜਾ ਚੁੱਕੇ ਹਨ ਤੇ ਲਗਪਗ 364,000 ਹੰਗਰੀ ਵਿੱਚ ਪੁੱਜ ਗਏ ਹਨ। ਜੰਗ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਯੂਐੱਨਐੱਚਸੀਆਰ ਨੇ ਭਵਿੱਖਵਾਣੀ ਕੀਤੀ ਸੀ ਕਿ ਲਗਪਗ 40 ਲੱਖ ਲੋਕ ਯੂਕਰੇਨ ਛੱਡ ਕੇ ਜਾ ਸਕਦੇ ਹਨ, ਭਾਵੇਂ ਕਿ ਇਸ ਵੱਲੋਂ ਵਾਰ-ਵਾਰ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਸ ਵੱਲੋਂ ਇਨ੍ਹਾਂ ਭਵਿੱਖਬਾਣੀਆਂ ਦਾ ਮੁੜ ਮੁਲਾਂਕਣ ਕੀਤਾ ਜਾਂਦਾ ਰਿਹਾ ਹੈ। ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਫਿਲਿਪੋ ਗ੍ਰੈਂਡੀ ਨੇ ਯੂਕਰੇਨ 'ਚ ਪੁੱਜਦਿਆਂ ਟਵੀਟ ਕੀਤਾ ਕਿ ਉਹ ਲਵੀਵ ਦੇ ਪੱਛਮੀ ਸ਼ਹਿਰ ਵਿੱਚ ਰਹਿਣਗੇ ਤੇ ਇਸ ਜੰਗ ਕਾਰਨ ਪ੍ਰਭਾਵਿਤ ਤੇ ਉੱਜੜ ਚੁੱਕੇ ਲੋਕਾਂ ਦੀ ਮਦਦ ਕਰਨ ਦਾ ਯਤਨ ਕਰਨਗੇ।






## ਕੈਨੇਡਾ ਨੇ 2021 ਵਿਚ 450000 ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੀਤਾ ਸਵਾਗਤ

ਓਟਵਾ-ਕੈਨੇਡਾ ਨੇ ਪਿਛਲੇ ਸਾਲ ਲਗਪਗ 450000 ਨਵੇਂ ਸਟੱਡੀ ਪਰਮਿਟਾਂ ਨੂੰ ਲਾਗੂ ਕੀਤਾ ਹੈ ਜਿਸ ਨੇ 2019 ਵਿਚ ਸਥਾਪਤ ਹੋਏ ਪਿਛਲੇ ਆਲ-ਟਾਈਮ ਰਿਕਾਰਡ ਨੂੰ ਤੋੜ ਦਿੱਤਾ ਹੈ। ਮਹਾਂਮਾਰੀ ਤੋਂ ਪਹਿਲਾਂ ਕੈਨੇਡਾ ਨੇ 400000 ਤੋਂ ਥੋੜੇ ਵੱਧ ਸਟੱਡੀ ਪਰਮਿਟ ਜਾਰੀ ਕੀਤੇ ਸੀ ਅਤੇ ਇਹ ਅੰਕੜਾ 2020 ਵਿਚ ਡਿਗ ਕੇ 255000 ਤੋਂ ਥੋੜਾ ਵੱਧ ਰਹਿ ਗਿਆ ਸੀ। ਪਿਛਲੇ ਸਾਲ ਦੀ ਕੁਲ ਗਿਣਤੀ 2015 ਦੀ ਤੁਲਨਾ ਵਿਚ ਦੁੱਗਣੀ ਹੈ। ਇਮੀਗ੍ਰੇਸ਼ਨ, ਰਿਫਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਅਮਲ ਵਿਚ ਆਉਂਦੇ ਨਵੇਂ ਸਟੱਡੀ ਪਰਮਿਟਾਂ ਬਾਰੇ ਮਹੀਨੇ ਦੇ ਆਧਾਰ 'ਤੇ ਡਾਟਾ ਜਾਰੀ ਕਰਦਾ ਹੈ। ਇਹ ਕੈਨੇਡਾ ਆਉਣ ਵਾਲੇ ਨਵੇਂ ਵਿਦਿਆਰਥੀ ਤੇ ਕੈਨੇਡਾ ਵਿਚ ਪਹਿਲਾਂ ਤੋਂ ਮੌਜੂਦ ਵਿਦੇਸ਼ੀ ਨਾਗਰਿਕ ਹਨ ਜਿਨ੍ਹਾਂ ਨੇ ਸਫਲਤਾ ਪੂਰਵਕ ਸਟੱਡੀ ਪਰਮਿਟ ਪ੍ਰਾਪਤ ਕੀਤਾ ਹੈ। ਨਵਾਂ 2021-22 ਅਕਾਦਮਿਕ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਜੁਲਾਈ ਅਤੇ ਅਗਸਤ ਵਿਚਕਾਰ ਕੁਲ 200000 ਨਵੇਂ ਸਟੱਡੀ ਪਰਮਿਟ ਅਮਲ ਵਿਚ ਆਏ ਹਨ।

## ਸਦਨ ਯੂਕਰੇਨ ਤੋਂ ਕੈਨੇਡਾ ਲਈ ਵੀਜ਼ਾ ਮੁਕਤ ਸਫਰ ਲਾਗੂ ਕਰਨ ਲਈ ਸਹਿਮਤ ਹੋਵੇ-ਹੱਲਣ

ਓਟਵਾ-ਕੈਲਗਰੀ ਤੋਂ ਐਮਪੀ ਜਸਰਾਜ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅਸੀ ਸਦਨ ਨੂੰ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਬਾਰੇ ਸਥਾਈ ਕਮੇਟੀ ਦੀ ਰਿਪੋਰਟ 'ਤੇ ਸਹਿਮਤ ਹੋਣ ਲਈ ਕਹਿ ਰਹੇ ਜਿਸ ਨੇ ਯੂਕਰੇਨ ਤੋਂ ਕੈਨੇਡਾ ਆਉਣ ਲਈ ਵੀਜ਼ਾ ਮੁਕਤ ਟਰੈਵਲ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਸਬੰਧੀ ਮਤੇ ਨੂੰ ਕਮੇਟੀ ਵਿਚ ਸਾਰੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਸਮਰਥਨ ਨਾਲ ਪਾਸ ਕੀਤਾ ਗਿਆ ਸੀ। ਉਹ ਆਸ ਕਰਦੇ ਹਨ ਕਿ ਸਰਕਾਰ ਇਸ ਜ਼ਰੂਰੀ ਕਦਮ ਦਾ ਸਮਰਥਨ ਕਰੇਗੀ। ਉਸ ਨੂੰ ਅਹਿਸਾਸ ਹੋਇਆ ਹੈ ਕਿ ਕੁਝ ਰੈਗੂਲੇਟਰੀ ਤਬਦੀਲੀਆਂ ਕਰਨ ਦੀ ਲੋੜ ਹੈ। ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਨ ਲਈ 12 ਤੋਂ 14 ਹਫ਼ਤੇ ਲਗਦੇ ਹਨ ਅਤੇ ਉਨ੍ਹਾਂ ਦਾ ਖਿਆਲ ਨਹੀਂ ਕਿ ਸਾਨੂੰ 12 ਤੋਂ 14 ਹਫ਼ਤੇ ਲਗਾਉਣ ਦੀ ਲੋੜ ਹੈ। ਅਸੀਂ ਨਵਾਂ ਸਿਸਟਮ ਬਹੁਤ ਤੇਜ਼ੀ ਨਾਲ ਖੜਾ ਕਰ ਸਕਦੇ ਹਾਂ। ਉਨ੍ਹਾਂ ਨੇ ਕਿਹਾ ਕਿ ਉਹ ਬਲੌਕ ਤੇ ਐਨਡੀਪੀ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਕਮੇਟੀ ਵਿਖੇ ਇਹ ਮਤਾ ਪਾਸ ਕਰਨ ਦੇ ਪੱਖ ਵਿਚ ਵੋਟ ਦਿੱਤਾ ਸੀ। ਉਨ੍ਹਾਂ ਸਦਨ ਦੇ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਰੂਸੀ ਹਮਲੇ ਤੋਂ ਬਚ ਕੇ ਆ ਰਹੇ ਲੋਕਾਂ ਲਈ ਸਹੀ ਗੱਲ ਕਰਨ ਅਤੇ ਵੀਜ਼ਾ ਮੁਕਤ ਟਰੈਵਲ ਦੇ ਪੱਖ ਵਿਚ ਵੋਟ ਦੇਣ।

## ਪੁਲਿਸ ਨੇ ਕੂੜੇ ਦੇ ਥੈਲੇ ਵਿਚੋਂ ਮਿਲੀ ਔਰਤ ਦੀ ਲਾਸ਼ ਦੀ ਕੀਤੀ ਪਛਾਣ

ਟੋਰਾਂਟੋ-ਪੁਲਿਸ ਨੇ ਉਸ ਔਰਤ ਦੀ ਪਛਾਣ ਕਰ ਲਈ ਹੈ ਜਿਸ ਦੀ ਇਸ ਹਫ਼ਤੇ ਦੇ ਸ਼ੁਰੂ ਵਿਚ ਟੋਰਾਂਟੋ ਦੇ ਇਕ ਫੁੱਟਪਾਥ 'ਤੇ ਪਏ ਕੂੜੇ ਦੇ ਬੈਗ ਵਿਚੋਂ ਲਾਸ਼ ਮਿਲੀ ਸੀ। 46 ਸਾਲਾ ਟਿਏਨ ਲੀ ਦੀ ਲਾਸ਼ ਬਰਕਸ਼ਾਇਰ ਐਵੀਨਿਊ ਵਿਖੇ ਈਸਟਰਨ ਐਵੀਨਿਊ ਦੇ ਦੱਖਣ ਵਾਲੇ ਪਾਸੇ ਤੋਂ ਮਿਲੀ ਸੀ। ਡਿਟੈਕਟਿਵਸ ਨੇ ਕਿਹਾ ਕਿ ਪੋਸਟ ਮਾਰਟਮ ਰਿਪੋਰਟ ਪਿੱਛੋਂ ਪੁਲਿਸ ਨੇ ਔਰਤ ਦੀ ਮੌਤ ਨੂੰ ਹੱਤਿਆ ਮੰਨਿਆਂ ਹੈ। ਪੁਲਿਸ ਨੇ ਤਾਜ਼ਾ ਜਾਣਕਾਰੀ ਵਿਚ ਦੱਸਿਆ ਕਿ ਉਹ ਮ੍ਰਿਤਕ ਦੇ ਪੁੱਤਰ ਡਾਲਾਸ ਲੀ ਨੂੰ ਲੱਭ ਰਹੀ ਹੈ ਜਿਹੜਾ ਹੁਣ ਲਾਪਤਾ ਹੈ। ਟੋਰਾਂਟੋ ਪੁਲਿਸ ਦੇ ਕੰਸਟੇਬਲ ਅਲੈਕਸ ਲੀ ਨੇ ਕਿਹਾ ਕਿ ਅਸੀਂ ਇਸ ਪਲ ਉਸ ਦੀ ਰਾਜ਼ੀ ਖੁਸ਼ੀ ਬਾਰੇ ਚਿੰਤਤ ਹਾਂ। ਪੁਲਿਸ ਨੇ 20 ਸਾਲਾ ਲੜਕੇ ਨੂੰ ਸ਼ੱਕੀ ਵਜੋਂ ਸ਼੍ਰੇਣੀਬੱਧ ਨਹੀਂ ਕੀਤਾ।

# ਟਾਊਨਸ਼ਿਪ ਆਫ ਲੈਂਗਲੀ ਅਤੇ ਸਿਟੀ ਆਫ ਲੈਂਗਲੀ ਵੱਲੋਂ ਗੁਰੂ ਨਾਨਕ ਫੂਡ ਬੈਂਕ ਦੇ ਕਾਰਜਾਂ ਦਾ ਸਨਮਾਨ

## ਭਾਈਚਾਰੇ ਦੀ ਉੱਘੀ ਸ਼ਖ਼ਸੀਅਤ ਜੇ. ਮਿਨਹਾਸ ਨੇ ਹਾਸਲ ਕੀਤਾ ਇਹ ਸਨਮਾਨ

ਸਰੀ (ਹਰਦਮ ਮਾਨ)-ਬੀਤੇ ਦਿਨੀਂ ਟਾਊਨਸ਼ਿਪ ਆਫ ਲੈਂਗਲੀ ਅਤੇ ਸਿਟੀ ਆਫ ਲੈਂਗਲੀ ਵੱਲੋਂ ਕਰਵਾਏ ਇਕ ਸਾਂਝੇ ਸਮਾਗਮ ਦੌਰਾਨ ਪਰਉਪਕਾਰੀ ਸੰਸਥਾ ਗੁਰੂ ਨਾਨਕ ਫੂਡ ਬੈਂਕ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਹ ਸਨਮਾਨ ਗੁਰੂ ਨਾਨਕ ਫੂਡ ਬੈਂਕ ਦੇ ਫਾਊਂਡਰ ਮੈਂਬਰ ਜੇ। ਮਿਨਹਾਸ ਨੇ ਹਾਸਲ ਕੀਤਾ। ਸਨਮਾਨ ਪੱਤਰ ਪ੍ਰਦਾਨ ਕਰਦਿਆਂ ਸਿਟੀ ਆਫ ਲੈਂਗਲੀ ਦੇ ਮੇਅਰ ਵੈਲ ਵੈਨ ਡੇਨ ਬਰੋਇਕ ਅਤੇ ਟਾਊਨਸ਼ਿਪ ਆਫ ਲੈਂਗਲੀ ਦੇ ਮੇਅਰ ਜੈਕ ਫਰੋਇਜ਼ ਨੇ ਗੁਰੂ ਨਾਨਕ ਫੂਡ ਬੈਂਕ ਵੱਲੋਂ ਕੋਰੋਨਾ ਕਾਲ ਦੌਰਾਨ ਅਤੇ ਬੀ ਸੀ। ਵਿਚ ਆਏ ਹੜ੍ਹਾਂ ਦੌਰਾਨ ਪੀੜਤ ਲੋਕਾਂ ਦੀ ਮਦਦ ਕਰਨ ਅਤੇ ਉਨ੍ਹਾਂ ਦੇ ਦਰਾਂ ਤੀਕ ਖਾਣਾ ਪੁਚਾਉਣ ਦੇ ਪਰਉਪਕਾਰੀ ਕਾਰਜ ਦੀ ਸ਼ਲਾਘਾ ਕੀਤੀ। ਜੇ। ਮਿਨਹਾਸ ਨੇ ਇਹ ਸਨਮਾਨ ਦੇਣ ਲਈ ਗੁਰੂ ਨਾਨਕ ਫੂਡ ਬੈਂਕ ਵੱਲੋਂ ਦੋਹਾਂ ਸੰਸਥਾਵਾਂ ਦਾ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਪੰਜਾਬੀ ਭਾਈਚਾਰੇ ਦੀ ਮਾਣਮੱਤੀ ਸ਼ਖ਼ਸੀਅਤ ਅਤੇ ਗੁਰੂ ਨਾਨਕ ਫੂਡ ਬੈਂਕ ਰਾਹੀਂ ਸਮਾਜ ਸੇਵਾ ਵਿਚ ਕਾਰਜਸ਼ੀਲ ਜੇ। ਮਿਨਹਾਸ ਇਕ ਨਾਮਵਰ ਡਿਵੈਲਪਰ, ਫਿਲਮ ਨਿਰਮਾਤਾ, ਕਮਿਊਨਿਟੀ ਨੂੰ ਅਗਾਂਹਵਧੂ ਲੀਹਾਂ ਤੇ ਤੋਰਨ ਦਾ ਜਜ਼ਬਾ ਰੱਖਣ ਵਾਲੇ ਉਤਸ਼ਾਹੀ ਇਨਸਾਨ ਹਨ। ਆਦਮਪੁਰ (ਪੰਜਾਬ) ਨਾਲ ਸਬੰਧਤ ਜੇ। ਮਿਨਹਾਸ ਨੂੰ ਵਿਸ਼ਵ-ਵਿਆਪੀ ਪਰਉਪਕਾਰੀ ਕੰਮ ਲਈ ਦੁਨੀਆ ਭਰ ਦੇ ਪ੍ਰਮੁੱਖ ਨੇਤਾਵਾਂ ਦੁਆਰਾ ਮਾਨਤਾ ਪ੍ਰਾਪਤ ਕਰਨ ਦਾ ਮਾਣ ਹਾਸਲ ਹੈ। ਉਨ੍ਹਾਂ ਪਿਛਲੇ ਸਮੇਂ ਵਿਚ ਆਪਣੇ ਵਲੰਟੀਅਰਾਂ ਦੇ ਸਹਿਯੋਗ ਨਾਲ ਬ੍ਰਿਟਿਸ਼ ਕੋਲੰਬੀਆ ਵਿਚ ਕੋਵਿਡ ਮਹਾਂਮਾਰੀ ਦੇ ਦੌਰਾਨ 100 ਹਜ਼ਾਰ ਪੌਂਡ ਜ਼ਰੂਰੀ ਵਸਤਾਂ, ਖਾਦ ਪਦਾਰਥਾਂ ਦੀ ਸਪਲਾਈ ਲੋੜਵੰਦ ਲੋਕਾਂ ਤੀਕ ਪੁਚਾਉਣ ਅਤੇ ਬੀਸੀ ਹੜ੍ਹ ਸੰਕਟ ਦੌਰਾਨ ਲੈਂਗਲੀ ਅਤੇ ਸਰੀ ਸ਼ਹਿਰ ਦੇ ਅਧਿਕਾਰੀਆਂ ਦੇ ਨਾਲ ਮਿਲ ਕੇ ਲੋਕ ਸੇਵਾ ਕਰਨ ਵਿੱਚ ਮੋਹਰੀ ਰਹਿ ਕੇ ਕਾਰਜ ਕੀਤਾ। ਉਨ੍ਹਾਂ ਗੁਰੂ ਨਾਨਕ ਫੂਡ ਬੈਂਕ ਰਾਹੀਂ 1000 ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਕ ਫਾਊਂਡੇਸ਼ਨ ਸਥਾਪਿਤ ਕਰਕੇ ਵਿਦਿਆਰਥੀਆਂ ਦੀ ਹਰ ਪੱਖੋਂ ਮਦਦ ਕੀਤੀ ਹੈ। ਆਪਣੇ ਪਰਉਪਕਾਰੀ ਕੰਮ ਤੋਂ ਇਲਾਵਾ ਉਹ ਲੋਅਰ ਮੇਨਲੈਂਡ ਦੇ ਮਾਨਤਾ ਪ੍ਰਾਪਤ ਡਿਵੈਲਪਰ ਹਨ। ਉਨ੍ਹਾਂ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਫਲ ਫਿਲਮਾਂ ਦਾ ਨਿਰਮਾਣ ਵੀ ਕੀਤਾ ਹੈ।



## ਮਾਸਕ ਆਦੇਸ਼ ਹਟਾਉਣ ਪਿੱਛੋਂ ਕੋਵਿਡ ਮਹਾਂਮਾਰੀ ਦੀ ਛੇਵੀਂ ਵੇਵ ਪੱਕੀ-ਮਾਹਿਰ

ਓਟਵਾ-ਓਨਟਾਰੀਓ ਤੇ ਕਿਊਬਕ ਵਿਚ ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਕੋਵਿਡ-19 ਮਹਾਂਮਾਰੀ ਦੀ ਛੇਵੀਂ ਵੇਵ ਵਿਚ ਦਾਖਲ ਹੋ ਗਏ ਹਨ ਅਤੇ ਕੁਝ ਮਾਹਿਰਾਂ ਨੇ ਕਿਹਾ ਕਿ ਲਾਗ ਦੇ ਮਾਮਲਿਆਂ ਦਾ ਵਧਣਾ ਪੱਕਾ ਹੈ ਕਿਉਂਕਿ ਹੈਲਥ ਅਧਿਕਾਰੀਆਂ ਨੇ ਓਮੀਕਰੋਨ ਸਬਵੈਰੀਐਂਟ ਬੀਏ.2 ਦੇ ਉਭਰਨ ਦਰਮਿਆਨ ਮਾਸਕ ਆਦੇਸ਼ਾਂ ਅਤੇ ਟੀਕਾਕਰਣ ਦਾ ਸਬੂਤ ਵਰਗੀਆਂ ਸ਼ਰਤਾਂ ਨੂੰ ਹਟਾ ਦਿੱਤਾ ਹੈ। ਟੋਰਾਂਟੋ ਵਿਚ ਐਮਰਜੈਂਸੀ ਫਿਜ਼ੀਸ਼ਨ ਡਾ. ਕਾਸ਼ਿਫ ਪੀਰਜ਼ਾਦਾ ਜਨਤਕ ਸਿਹਤ ਚੌਕਸੀ ਦੀ ਕਮੀ ਨੇ ਬੀਏ.2 ਲਾਗ ਵਧਣ ਤੇ ਲੋਕਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਦਾ ਰਾਹ ਸਾਫ ਕਰ ਦਿੱਤਾ ਹੈ। ਪੀਰਜ਼ਾਦਾ ਨੇ ਕਿਹਾ ਕਿ ਮੇਰਾ ਖਿਆਲ ਹੈ ਕਿ ਇਸ ਬਾਰੇ ਕਾਫੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਜਦੋਂ ਮਾਸਕ ਆਦੇਸ਼ਾਂ ਨੂੰ ਹਟਾਇਆ ਗਿਆ ਤਾਂ ਕੋਵਿਡ-19 ਦੀ ਵਾਪਸੀ ਪੱਕੀ ਹੈ। ਓਨਟਾਰੀਓ ਵਿਚ ਲੋਕਾਂ ਦੇ ਹਸਪਤਾਲਾਂ ਵਿਚ ਦਾਖਲ ਹੋਣ ਵਿਚ ਅਚਨਚੇਤ ਹੋਇਆ ਵਾਧਾ ਚਿੰਤਾਜਨਕ ਹੈ। ਓਨਟਾਰੀਓ, ਕਿਊਬਕ, ਅਲਬਰਟਾ ਅਤੇ ਬੀਸੀ ਵਿਚ ਅਧਿਕਾਰੀਆਂ ਨੇ ਹਾਲ ਹੀ ਵਿਚ ਦੱਸਿਆ ਕਿ ਵੇਸਟ ਪਾਣੀ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਕੋਵਿਡ-19 ਲਾਗ ਮੁੜ ਵਧ ਰਹੀ ਹੈ।

## ਟਰੂਡੋ ਵਲੋਂ ਬੀਸੀ ਵਿਚ ਫਸਟ ਨੇਸ਼ਨ ਦੇ ਰੈਜ਼ੀਡੈਂਸ਼ਲ ਸਕੂਲਾਂ ਦੇ ਪੀੜਤਾਂ ਨੂੰ ਫੰਡ ਦੇਣ ਦਾ ਐਲਾਨ

ਵੈਨਕੂਵਰ-ਬੀਸੀ ਜਿਥੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਮੌਤਾਂ ਦੀ ਜਾਂਚ ਚਲ ਰਹੀ ਹੈ ਵਿਚ ਫਸਟ ਨੇਸ਼ਨ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਨ੍ਹਾਂ ਪਰਿਵਾਰਾਂ ਨੂੰ ਲੱਖਾਂ ਡਾਲਰ ਫੰਡ ਦੇਣ ਦਾ ਐਲਾਨ ਕੀਤਾ ਜਿਹੜੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਪੜ੍ਹਦੇ ਸਮੇਂ ਪੀੜਤ ਰਹੇ ਹਨ। ਜਿਨ੍ਹਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਹੜੇ ਮਾੜੇ ਵਿਵਹਾਰ ਦੌਰਾਨ ਜਿਉਂਦੇ ਬਚ ਗਏ ਅਤੇ ਉਹ ਪਰਿਵਾਰ ਜਿਨ੍ਹਾਂ ਦੇ ਬੱਚਿਆਂ ਦੀ ਮੌਤ ਹੋ ਗਈ ਸੀ। ਟਰੂਡੋ ਬੁੱਧਵਾਰ ਵਿਲੀਅਮਸ ਲੇਕ ਪੁੱਜੇ ਹੋਏ ਸਨ ਜਿਥੇ ਉਨ੍ਹਾਂ ਸਥਾਨਕ ਰੈਜ਼ੀਡੈਂਸ਼ਲ ਸਕੂਲ ਵਿਖੇ ਪੜ੍ਹਨ ਵਾਲੇ ਬੱਚਿਆਂ ਨਾਲ ਮਾੜੇ ਵਿਵਹਾਰ ਕਾਰਨ ਪ੍ਰਭਾਵਤ ਹੋਏ ਫਸਟ ਨੇਸ਼ਨ ਕਮਿਊਨਿਟੀਸ ਦੇ ਮੈਂਬਰਾਂ ਲਈ ਸਹਾਇਤਾ ਜਾਰੀ ਰੱਖਦੇ ਹੋਏ ਹੋਰ 29 ਲੱਖ ਡਾਲਰ ਫੰਡ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਪੈਸਾ ਜੋ ਇਸ ਸਾਲ ਦੇ ਸ਼ੁਰੂ ਵਿਚ ਫੈਡਰਲ ਸਰਕਾਰ ਵਲੋਂ ਮੁਹੱਈਆ ਕੀਤੇ 14 ਲੱਖ ਡਾਲਰ ਤੋਂ ਵੱਖਰਾ ਹੈ ਬੱਚਿਆਂ ਦੀਆਂ ਮੌਤਾਂ ਤੇ ਲਾਪਤਾ ਹੋਣ ਬਾਰੇ ਖੋਜ ਯਤਨਾਂ ਵਿਚ ਮਦਦ ਕਰੇਗਾ ਜਿਸ ਵਿਚ ਸਰਵਾਈਵਰਾਂ ਨਾਲ ਮੁਲਾਕਾਤਾਂ ਅਤੇ ਮਲੂਮ ਲਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਸ਼ਾਮਿਲ ਹੈ।

## ਸੰਦੀਪ ਨੰਗਲ ਅੰਬੀਆਂ ਦੇ ਕਤਲ ਦੇ ਦੋਸ਼ ਹੇਠ ਇਕ ਹੋਰ ਮੁਲਜ਼ਮ ਗ੍ਰਿਫਤਾਰ

ਜਲੰਧਰ-ਦਿਹਾਤੀ ਪੁਲੀਸ ਨੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੇ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸਐੱਸਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਯਾਦਵਿੰਦਰ ਸਿੰਘ ਵਜੋਂ ਹੋਈ ਹੈ ਤੇ ਉਸ ਕੋਲੋਂ ਦੋ ਪਿਸਤੌਲ, ਇੱਕ 32 ਬੋਰ ਤੇ ਦੂਜਾ 30 ਬੋਰ, ਬਰਾਮਦ ਕੀਤੇ ਗਏ ਹਨ। ਮੁਲਜ਼ਮ ਦਾ ਚਾਰ ਦਿਨਾਂ ਦਾ ਪੁਲੀਸ ਰਿਮਾਂਡ ਲਿਆ ਗਿਆ ਹੈ। ਐੱਸਐੱਸਪੀ ਨੇ ਇਹ ਵੀ ਦੱਸਿਆ ਹੈ ਕਿ 14 ਮਾਰਚ ਨੂੰ ਮੱਲੀਆਂ ਖੁਰਦ ਵਿੱਚ ਵਾਪਰੀ ਘਟਨਾ ਵੇਲੇ ਮੁਲਜ਼ਮ ਉਥੇ ਮੌਜੂਦ ਸੀ। ਉਸ ਕੋਲੋਂ ਇੱਕ ਗੱਡੀ ਵੀ ਬਰਾਮਦ ਕੀਤੀ ਗਈ ਹੈ ਜੋ ਵਾਰਦਾਤ ਸਮੇਂ ਵਰਤੀ ਗਈ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਪੀਲੀਭੀਤ (ਯੂਪੀ) ਦਾ ਰਹਿਣ ਵਾਲਾ ਹੈ ਤੇ ਉਸ ਨੂੰ 28 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਯਾਦਵਿੰਦਰ ਸਿੰਘ ਪਹਿਲਾਂ ਤੋਂ ਗ੍ਰਿਫ਼ਤਾਰ ਸਿਮਰਨਜੀਤ ਸਿੰਘ ਦਾ ਰਿਸ਼ਤੇਦਾਰ ਹੈ।




# ਇਮਰਾਨ ਖਾਨ ਸਰਕਾਰ ਖਿਲਾਫ ਬੇਭਰੋਸਗੀ ਮਤਾ ਪੇਸ਼

ਇਸਲਾਮਾਬਾਦ-ਪਾਕਿਸਤਾਨ ਦੀ ਸੱਤਾਧਾਰੀ ਗੱਠਜੋੜ ਤੇ ਇੱਕ ਅਹਿਮ ਸਹਿਯੋਗੀ ਨੇ ਬੁੱਧਵਾਰ ਨੂੰ ਕਿਹਾ ਹੈ ਕਿ ਉਹ ਕੌਮੀ ਅਸੈਂਬਲੀ ਵਿੱਚ ਵਿਰੋਧੀ ਧਿਰਾਂ ਦੇ ਬੇਭਰੋਸਗੀ ਮਤੇ ਦਾ ਸਮਰਥਨ ਕਰੇਗੀ। ਇਸ ਨਾਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਡਾ ਝਟਕਾ ਲੱਗਿਆ ਹੈ, ਜਿਨ੍ਹਾਂ ਕੋਲੋਂ ਹੁਣ ਪ੍ਰਭਾਵੀ ਤੌਰ ਉੱਤੇ ਸੰਸਦ ਵਿੱਚ ਬਹੁਮਤ ਖੁੱਸ ਗਿਆ ਹੈ। ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਮੁਤਹਿਦਾ ਕੌਮੀ ਮੂਵਮੈਂਟ-ਪਾਕਿਸਤਾਨ (ਐੱਮਕਿਊਐੱਮ-ਪੀ), ਜਿਹੜੀ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੀ ਮੁੱਖ ਸਹਿਯੋਗੀ ਹੈ, ਨੇ ਰਸਮੀ ਐਲਾਨ ਕੀਤਾ ਕਿ ਉਹ ਵਿਰੋਧੀ ਧਿਰਾਂ ਵਿੱਚ ਸ਼ਾਮਲ ਹੋ ਰਹੀ ਹੈ। ਐੱਮਕਿਊਐੱਮ-ਪੀ ਮੁਖੀ ਖਾਲਿਦ ਮਕਬੂਲ ਸਿੱਦੀਕੀ ਨੇ ਕਿਹਾ, "ਅਸੀਂ ਸਹਿਣਸ਼ੀਲਤਾ ਦੀ ਰਾਜਨੀਤੀ ਅਤੇ ਸੱਚੇ ਲੋਕਤੰਤਰ ਦੀ ਇੱਕ ਨਵੀਂ ਸ਼ੁਰੂਆਤ ਕਰਨਾ ਚਾਹੁੰਦੇ ਹਾਂ।" ਐੱਮਕਿਊਐੱਮ-ਪੀ ਵੱਲੋਂ ਆਪਣੇ ਸੱਤ ਮੈਂਬਰਾਂ ਨਾਲ ਵਿਰੋਧੀ ਧਿਰ ਵਿੱਚ ਸ਼ਾਮਲ ਹੋਣ ਮਗਰੋਂ



ਇਮਰਾਨ ਖ਼ਾਨ ਸਰਕਾਰ ਨੇ ਪ੍ਰਭਾਵੀ ਤੌਰ 'ਤੇ ਆਪਣਾ ਬਹੁਮਤ ਗੁਆ ਦਿੱਤਾ ਹੈ। ਸੱਤਾਧਾਰੀ ਗੱਠਜੋੜ ਦੇ ਇੱਕ ਸਹਿਯੋਗੀ ਬਲੋਚਿਸਤਾਨ ਅਵਾਮੀ ਪਾਰਟੀ (ਬੀਏਪੀ) ਨੇ ਹੇਠਲੇ ਸਦਨ ਦੇ ਆਪਣੇ 5 ਮੈਂਬਰਾਂ ਨਾਲ ਸੋਮਵਾਰ ਨੂੰ ਐਲਾਨ ਕੀਤਾ ਸੀ ਕਿ ਉਸ ਨੇ ਇਮਰਾਨ ਖ਼ਾਨ ਵੋਟ ਪਾਉਣ ਲਈ 'ਵਿਰੋਧੀ ਧਿਰਾਂ ਦਾ ਸੱਦਾ' ਕਬੂਲ ਕਰ ਲਿਆ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵਿਰੋਧੀ ਧਿਰ ਵੱਲੋਂ 342 ਸੀਟਾਂ ਵਾਲੇ ਹੇਠਲੇ ਸਦਨ ਵਿੱਚ ਉਨ੍ਹਾਂ ਨੂੰ ਗੱਦੀਓਂ ਲਾਹੁਣ ਲਈ ਕੀਤੀ ਕੋਸ਼ਿਸ਼ ਨੂੰ ਫੇਲ੍ਹ ਕਰਨ ਲਈ 172 ਵੋਟਾਂ ਦੀ ਲੋੜ ਸੀ। ਹਾਲਾਂਕਿ, ਜਮਾਇਤ ਉਲੇਮਾ-ਏ-ਇਸਲਾਮਾ ਦੇ ਮੁਖੀ ਮੌਲਾਨਾ ਫਜ਼ਲੂਰ ਰਹਿਮਾਨ ਨੇ ਕਿਹਾ ਕਿ ਵਿਰੋਧੀਆਂ ਕੋਲ 175 ਵਿਧਾਇਕਾਂ ਦਾ ਸਮਰਥਨ ਹੈ ਤੇ ਪ੍ਰਧਾਨ ਮੰਤਰੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਇਸ ਮੌਕੇ ਇਹ ਐਲਾਨ ਵੀ ਕੀਤਾ ਗਿਆ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ)ਦੇ ਮੁਖੀ ਤੇ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ 69 ਸਾਲਾ ਖਾਨ ਨੂੰ ਹਟਾਉਣ ਮਗਰੋਂ ਮੁਲਕ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ।






## ਸਾਬਕਾ ਰੱਖਿਆ ਮੁਖੀ ਵੈਨਸ ਨੂੰ 80 ਘੰਟੇ ਕਮਿਊਨਿਟੀ ਸੇਵਾ ਦੀ ਸਜ਼ਾ

ਓਟਵਾ-ਸੇਵਾਮੁਕਤ ਜਨਰਲ ਜੋਨਾਥਨ ਵੈਨਸ ਜਿਹੜਾ ਸਾਬਕਾ ਚੀਫ ਆਫ ਡਿਫੈਂਸ ਸਟਾਫ ਸੀ ਨੂੰ ਕੈਨੇਡੀਅਨ ਫ਼ੌਜ ਦੀ ਨੀਂਹ ਹਿਲਾ ਦੇਣ ਵਾਲੇ ਮਾਮਲੇ ਵਿਚ ਨਿਆਂ ਵਿਚ ਰੁਕਵਾਟ ਪਾਉਣ ਦੇ ਦੋਸ਼ ਵਿਚ ਆਪਣਾ ਕਸੂਰ ਸਵੀਕਾਰ ਕਰਨ ਪਿੱਛੋਂ 80 ਘੰਟੇ ਕਮਿਊਨਿਟੀ ਸੇਵਾ ਕਰਨ ਦੀ ਸਜ਼ਾ ਦਿੱਤੀ ਗਈ ਹੈ। ਓਨਟਾਰੀਓ ਦੇ ਜਸਟਿਸ ਰਾਬਰਟ ਵੈਡਨ ਨੇ ਇਹ ਸਜ਼ਾ ਵਰਚੂਅਲ ਅਦਾਲਤ ਪੇਸ਼ੀ ਦੌਰਾਨ ਸੁਣਾਈ ਜਿਸ ਵਿਚ 12 ਮਹੀਨੇ ਦਾ ਪ੍ਰੋਬੇਸ਼ਨ (ਨੇਕਚਲਣੀ) ਦਾ ਸਮਾਂ ਵੀ ਸ਼ਾਮਿਲ ਹੈ। ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦਾ ਸਾਬਕਾ ਕਮਾਂਡਰ ਅਦਾਲਤ ਵਿਚ ਵੀਡੀਓ ਰਾਹੀਂ ਪੇਸ਼ ਹੋਇਆ। ਵੈਡਨ ਨੇ ਕੇਸ ਵਿਚ ਸ਼ਰਤ ਤਹਿਤ ਡਿਸਚਾਰਜ ਕਰਨ ਜਿਸ ਦਾ ਮਤਲਬ ਵੈਨਸ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਵੇਗਾ, ਤੋਂ ਪਹਿਲਾਂ ਵੈਨਸ ਨੂੰ ਦੱਸਿਆ ਕ ਤੁਸੀਂ ਮੇਰਾ ਸਾਹਮਣੇ ਨਿਆਂ ਵਿਚ ਰੁਕਾਵਟ ਪਾਉਣ ਦਾ ਦੋਸ਼ ਸਵੀਕਾਰ ਕੀਤਾ ਹੈ ਅਤੇ ਉਸ ਨੇ ਪਾਇਆ ਕਿ ਤੁਸੀਂ ਅਪਰਾਧ ਲਈ ਦੋਸ਼ੀ ਹੋ। ਵੈਡਨ ਨੇ ਵੈਨਸ ਨੂੰ ਮੇਜਰ ਕੈਲੀ ਬਰੇਨਨ ਨਾਲ ਸੰਪਰਕ ਕਰਨ ਤੋਂ ਵੀ ਵਰਜਿਆ ਜਿਸ ਨਾਲ ਉਸ ਦੇ 2001 ਤੋਂ 2021 ਤੋਂ ਲੰਬੇ ਸਮੇਂ ਚਲੇ ਗੂੜ੍ਹੇ ਸਬੰਧ ਰਹੇ ਜਿਵੇਂ ਅਦਾਲਤ ਵਿਚ ਤੱਥਾਂ ਬਾਰੇ ਸਹਿਮਤੀ ਬਿਆਨ ਵਿਚ ਦੱਸਿਆ ਗਿਆ ਹੈ।

## ਆਰਸੀਐਮਪੀ ਰੈਟਰੋ ਪੇਅ ਤੇ ਤਨਖਾਹਾਂ ਵਿਚ ਵਾਧੇ ਲਈ ਸਰੀ 46.62 ਮਿਲੀਅਨ ਡਾਲਰ ਦਾ ਭੁਗਤਾਨ ਕਰੇਗਾ

ਸਰੀ-ਸਰੀ ਦੇ ਕਰਦਾਤਾ ਆਰਸੀਐਮਪੀ ਦੇ ਪੁਲਿਸ ਲਈ ਬੈਕ ਪੇਅ ਨਾਲ ਸਬੰਧਤ ਸਮੂਹਿਕ ਸੌਦੇਬਾਜ਼ੀ ਗੱਲਬਾਤ ਤੋਂ ਪੈਦਾ ਹੋਏ 46.62 ਮਿਲੀਅਨ ਡਾਲਰ ਦੇ ਬਿੱਲ ਨੂੰ ਦੇਖ ਰਹੇ ਹਨ। ਇਹ ਸ਼ਹਿਰ ਮੌਜੂਦਾ ਸਮੇਂ ਕੈਨੇਡਾ ਦੀ ਸਭ ਤੋਂ ਵੱਡੀ ਆਰਸੀਐਮਪੀ ਡਿਟੈਚਮੈਂਟ ਦਾ ਘਰ ਹੈ ਅਤੇ 2017 ਤਕ ਤਨਖਾਹ ਵਿਚ ਵਾਧੇ ਨੂੰ ਕਵਰ ਕਰਨ ਲਈ ਬੀਸੀ ਸਭ ਤੋਂ ਵੱਧ ਪ੍ਰਭਾਵਤ ਹੋ ਰਿਹਾ ਹੈ। ਆਰਸੀਐਮਪੀ ਦੇ ਲਗਪਗ 20000 ਮੈਂਬਰਾਂ ਵਿਚੋਂ ਸਾਰਜੈਂਟਾਂ ਦੀ ਸਾਲਾਨਾ ਤਨਖਾਹ ਵਿਚ ਪਹਿਲੀ ਅਪ੍ਰੈਲ ਤੋਂ 25000 ਡਾਲਰ ਤੇ ਕੰਸਟੇਬਲਾਂ ਦੀ ਤਨਖਾਹ ਵਿਚ 20000 ਡਾਲਰ ਦਾ ਵਾਧਾ ਹੋਵੇਗਾ। ਸਰੀ ਆਰਸੀਐਮਪੀ ਦੇ 843 ਮੁਲਾਜ਼ਮ ਹਨ। ਫਾਈਨੈਂਸ ਬਾਰੇ ਸਰੀ ਦੇ ਜਨਰਲ ਮੈਨੇਜਰ ਕੈਮ ਗਰੇਵਾਲ ਅਤੇ ਪੁਲਿਸ ਟਰਾਂਜ਼ੀਸ਼ਨ ਜਨਰਲ ਮੈਨੇਟਰ ਟੇਰੀ ਵਾਟਰਹਾਊਸ ਪਿਛਲੇ ਸਾਲ ਸਤੰਬਰ ਵਿਚ ਕੌਂਸਲ ਨੂੰ ਪੇਸ਼ ਕੀਤੀ ਕਾਰਪੋਰੇਟ ਰਿਪੋਰਟ ਵਿਚ ਸੰਕੇਤ ਦਿੱਤਾ ਕਿ ਆਰਸੀਐਮਪੀ ਦੇ ਪ੍ਰਮਾਣਿਕ ਸਮੂਹਿਕ ਸਮਝੌਤੇ ਦੇ ਆਧਾਰ 'ਤੇ 2017 ਤੋਂ 2021 ਤਕ ਕੁਲ ਰੈਟਰੋਐਕਟਿਵ ਭੁਗਤਾਨ 46.62 ਮਿਲੀਅਨ ਡਾਲਰ ਹੈ ਜਿਸ ਵਿਚ 2017 ਤੋਂ 2022 ਤਕ ਕੁਲ 24.85 ਮਿਲੀਅਨ ਡਾਲਰ ਫੰਡਿੰਗ ਦੀ ਘਾਟ ਹੈ।

## ਹਿਜਾਬ ਲਾਹੁਣ ਤੋਂ ਇਨਕਾਰ ਕਰਨ ਵਾਲੀ ਪ੍ਰੀਖਿਆ ਨਿਗਰਾਨ ਮੁਅੱਤਲ

ਬੰਗਲੂਰੂ-ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਪਹਿਲੇ ਦਿਨ ਅੱਜ ਹਿਜਾਬ ਵਿਵਾਦ ਵਿਚਾਲੇ ਜ਼ਿਆਦਾਤਰ ਵਿਦਿਆਰਥਣਾਂ ਨੇ ਵਰਦੀ ਪਹਿਨ ਕੇ ਪ੍ਰੀਖਿਆ ਦਿੱਤੀ, ਉੱਥੇ ਹੀ ਕੁਝ ਵਿਦਿਆਰਥਣਾਂ ਨੂੰ ਹਿਜਾਬ ਪਹਿਨਿਆ ਹੋਣ ਕਰ ਕੇ ਵਾਪਸ ਭੇਜ ਦਿੱਤਾ ਗਿਆ, ਜਦੋਂਕਿ ਕੁਝ ਕੁ ਨੇ ਖ਼ੁਦ ਪ੍ਰੀਖਿਆ ਨਾ ਦੇਣ ਦਾ ਫ਼ੈਸਲਾ ਲਿਆ। ਇਸ ਦੌਰਾਨ ਸਿੱਖਿਆ ਵਿਭਾਗ ਵੱਲੋਂ ਹਿਜਾਬ ਲਾਹੁਣ ਤੋਂ ਇਨਕਾਰੀ ਇਕ ਪ੍ਰੀਖਿਆ ਨਿਗਰਾਨ ਨੂੰ ਮੁਅੱਤਲ ਕਰ ਦਿੱਤਾ ਗਿਆ। ਸਿੱਖਿਆ ਵਿਭਾਗ ਵਿਚਲੇ ਸੂਤਰਾਂ ਨੇ ਦੱਸਿਆ ਕਿ ਨੂਰ ਫ਼ਾਤਿਮਾ ਨਾਂ ਦੀ ਪ੍ਰੀਖਿਆ ਨਿਗਰਾਨ ਕੇਐੱਸਟੀਵੀ ਹਾਈ ਸਕੂਲ ਵਿੱਚ ਡਿਊਟੀ 'ਤੇ ਤਾਇਨਾਤ ਸੀ ਅਤੇ ਹਿਜਾਬ ਪਹਿਨ ਕੇ ਆਈ ਸੀ। ਜਦੋਂ ਉਸ ਨੂੰ ਹਿਜਾਬ ਲਾਹੁਣ ਲਈ ਕਿਹਾ ਗਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ। ਉਪਰੰਤ ਉਸ ਨੂੰ ਪ੍ਰੀਖਿਆ ਕੇਂਦਰ 'ਚੋਂ ਵਾਪਸ ਭੇਜ ਦਿੱਤਾ ਗਿਆ ਅਤੇ ਮੁਅੱਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਾਗਲਕੋਟ ਜ਼ਿਲ੍ਹੇ ਵਿੱਚ ਪੈਂਦੇ ਇਕ ਸਰਕਾਰੀ ਸਕੂਲ ਵਿੱਚ ਹਿਜਾਬ ਪਹਿਨ ਕੇ ਪ੍ਰੀਖਿਆ ਦੇਣ ਆਈ ਇਕ ਵਿਦਿਆਰਥਣ ਨੂੰ ਜਦੋਂ ਹਿਜਾਬ ਲਾਹੁਣ ਲਈ ਕਿਹਾ ਗਿਆ ਤਾਂ ਉਸ ਨੇ ਪ੍ਰੀਖਿਆ ਨਾ ਦੇਣ ਦਾ ਫ਼ੈਸਲਾ ਲਿਆ। ਇਕ ਹੋਰ ਘਟਨਾ ਵਿੱਚ ਬੇਲਾਗਾਵੀ ਜ਼ਿਲ੍ਹੇ ਵਿੱਚ ਚਿਕੋੜੀ ਸ਼ਹਿਰ 'ਚ ਪੁਲੀਸ ਵੱਲੋਂ ਹੋਰ ਵਿਦਿਆਰਥਣਾਂ ਦੀ ਥਾਂ ਪ੍ਰੀਖਿਆ ਦੇਣ ਪਹੁੰਚੀ ਇਕ ਲੜਕੀ ਸਣੇ ਛੇ ਫ਼ਰਜ਼ੀ ਉਮੀਦਵਾਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ।



# ਸ਼੍ਰੋਮਣੀ ਕਮੇਟੀ ਵੱਲੋਂ 988 ਕਰੋੜ ਦਾ ਬਜਟ ਪਾਸ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਵਰ੍ਹੇ 2022-23 ਵਾਸਤੇ 988 ਕਰੋੜ 15 ਲੱਖ 53,780 ਰੁਪਏ ਦਾ ਅਨੁਮਾਨਿਤ ਬਜਟ ਪਾਸ ਕੀਤਾ ਹੈ ਜੋ ਲਗਪਗ 29 ਕਰੋੜ 70 ਲੱਖ ਰੁਪਏ ਘਾਟੇ ਦਾ ਬਜਟ ਹੈ। ਇਸ ਦੌਰਾਨ ਵਿਰੋਧੀ ਧਿਰ ਨਾਲ ਸਬੰਧਤ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਬਜਟ ਤੋਂ ਪਹਿਲਾਂ ਬੋਲਣ ਦੀ ਮੰਗ ਪੂਰੀ ਨਾ ਹੋਣ 'ਤੇ ਬਜਟ ਇਜਲਾਸ ਦਾ ਬਾਈਕਾਟ ਕਰ ਕੇ ਚਲੇ ਗਏ। ਇੱਥੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਾਲਾਨਾ ਬਜਟ ਲਈ ਸੱਦੇ ਗਏ ਜਨਰਲ ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਲਗਪਗ 101 ਮੈਂਬਰ ਹਾਜ਼ਰ ਸਨ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਬਜਟ ਮੈਂਬਰਾਂ ਅੱਗੇ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੌਰਾਨ ਸ਼੍ਰੋਮਣੀ ਕਮੇਟੀ ਨੂੰ ਧਰਮ ਪ੍ਰਚਾਰ ਕਮੇਟੀ, ਸੈਕਸ਼ਨ 85 ਹੇਠ ਆਉਂਦੇ ਗੁਰਦੁਆਰੇ, ਵਿੱਦਿਅਕ ਅਦਾਰਿਆਂ, ਜਨਰਲ ਬੋਰਡ ਫੰਡ, ਪ੍ਰਿੰਟਿੰਗ ਪ੍ਰੈੱਸਾਂ ਆਦਿ ਤੋਂ 958 ਕਰੋੜ 45 ਲੱਖ 34,985 ਰੁਪਏ ਦੀ ਸਾਲਾਨਾ ਆਮਦਨ ਹੋਣ ਦਾ ਅਨੁਮਾਨ ਹੈ ਜਦੋਂਕਿ ਵਿੱਤੀ ਵਰ੍ਹੇ ਦੌਰਾਨ ਕੁੱਲ ਖਰਚੇ 988 ਕਰੋੜ 15 ਲੱਖ 53,780 ਰੁਪਏ ਹੋਣ ਦਾ ਅਨੁਮਾਨ ਹੈ। ਇਸ ਵਰ੍ਹੇ ਖਰਚੇ ਲਗਪਗ 29 ਕਰੋੜ 70 ਲੱਖ 18,780 ਰੁਪਏ ਵਧੇਰੇ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਹ ਖਰਚੇ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਰੱਖੇ ਏਡਿਡ ਅਮਲੇ ਦੇ ਫੰਡ ਅਤੇ ਵਿਦਿਆਰਥੀਆਂ ਦੀ ਐੱਸਸੀ ਸਕਾਲਰਸ਼ਿਪ ਦੀ ਰਾਸ਼ੀ ਨਾ ਮਿਲਣ ਕਾਰਨ ਵਧਿਆ ਹੈ।

# ਚੰਡੀਗੜ੍ਹ ਦੇ ਮੁੱਦੇ ਉਪਰ ਹਰਸਿਮਰਤ ਬਾਦਲ ਨੇ ਸੰਸਦ ਵਿਚ ਭਾਜਪਾ ਸਰਕਾਰ ਨੂੰ ਘੇਰਿਆ

ਨਵੀ ਦਿੱਲੀ-ਸਾਬਕਾ ਕੇਂਦਰੀ ਮੰਤਰੀ ਤੇ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੰਸਦ ਨੂੰ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਮੋਹਰ ਲਾਉਣੀ ਚਾਹੀਦੀ ਹੈ ਤਾਂ ਜੋ ਚੰਡੀਗੜ੍ਹ ਛੇਤੀ ਤੋਂ ਛੇਤੀ ਪੰਜਾਬ ਨੂੰ ਦਿੱਤਾ ਜਾ ਸਕੇ। ਸੰਸਦ ਦੇ ਬਜਟ ਸੈਸ਼ਨ ਵਿਚ ਸਿਫ਼ਰ ਕਾਲ ਦੌਰਾਨ ਚੰਡੀਗੜ੍ਹ ਦੇ ਮੁਲਾਜ਼ਮਾਂ ਉਤੇ ਕੇਂਦਰੀ ਸੇਵਾਵਾਂ ਨਿਯਮ ਲਾਗੂ ਕਰਨ ਦੇ ਸਰਕਾਰ ਦੇ ਫ਼ੈਸਲੇ 'ਤੇ ਰੋਸ ਪ੍ਰਗਟ ਕਰਦਿਆਂ ਬਠਿੰਡਾ ਦੀ ਸੰਸਦ ਮੈਂਬਰ ਨੇ ਇਹ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫ਼ੈਸਲਾ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦਾ ਇਕ ਹੋਰ ਯਤਨ ਹੈ। ਆਪਣਾ ਪੱਖ ਰੱਖਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਪੁਨਰਗਠਨ ਐਕਟ 1966 ਮੁਤਾਬਕ ਜਦੋਂ ਪੰਜਾਬ ਦੀ ਵੰਡ ਕੀਤੀ ਗਈ ਸੀ ਤਾਂ ਇਹ ਫੈਸਲਾ ਕੀਤਾ ਗਿਆ ਸੀ ਕਿ ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੀ ਆਰਜ਼ੀ ਰਾਜਧਾਨੀ ਹੋਵੇਗੀ। ਇਹ ਫ਼ੈਸਲਾ ਕੀਤਾ ਗਿਆ ਸੀ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਮੁਲਾਜ਼ਮਾਂ ਦੀ ਤਾਇਨਾਤੀ ਪੰਜਾਬ ਤੇ ਹਰਿਆਣਾ ਵਿਚ 60 ਅਨੁਪਾਤ 40 ਦੇ ਹਿਸਾਬ ਨਾਲ ਹੋਵੇਗੀ। ਇੱਥੇ ਚੰਡੀਗੜ੍ਹ ਵਿਚ ਭਰਤੀ ਲਈ ਵੱਖਰਾ ਕੇਡਰ ਸਿਰਜਣ ਦੀ ਕੋਈ ਵਿਵਸਥਾ ਨਹੀਂ ਸੀ। ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਹ ਵਿਵਸਥਾ ਸੀ ਕਿ ਚੰਡੀਗੜ੍ਹ 1986 ਵਿਚ ਪੰਜਾਬ ਨੂੰ ਦਿੱਤਾ ਜਾਵੇਗਾ ਤੇ ਅਜਿਹਾ ਨਾ ਕਰਨਾ ਸੰਘਵਾਦ ਦੇ ਸਿਧਾਂਤ ਦੀ ਉਲੰਘਣਾ ਹੈ ਜਦੋਂਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮਾਮਲਾ ਪੰਜਾਬ ਤੇ ਪੰਜਾਬੀਆਂ ਦੀ ਭਾਵਨਾ ਨਾਲ ਜੁੜਿਆ ਹੈ।



# ਘਰ ਵਿਚ ਡਿਗਣ ਕਾਰਣ ਬਾਦਲ ਦੇ ਗੋਡੇ ਤੇ ਸੱਟ ਲੱਗੀ


ਮੁਕਤਸਰ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਪਿੰਡ ਵਾਲੀ ਰਿਹਾਇਸ਼ 'ਚ ਸੰਤੁਲਨ ਵਿਗੜਨ ਕਾਰਨ ਡਿੱਗ ਗਏ ਜਿਸ ਕਰਕੇ ਉਨ੍ਹਾਂ ਦੇ ਗੋਡੇ 'ਤੇ ਸੱਟ ਵੱਜ ਗਈ। ਡਾਕਟਰਾਂ ਨੇ ਉਨ੍ਹਾਂ ਨੂੰ ਕੁਝ ਦਿਨਾਂ ਲਈ ਆਰਾਮ ਕਰਨ ਦੀ ਸਲਾਹ ਦਿੱਤੀ ਹੈ। ਹਾਲਾਂਕਿ, ਉਹ ਲੰਬੀ ਹਲਕੇ ਵਿੱਚ ਆਪਣਾ ਧੰਨਵਾਦੀ ਦੌਰਾ ਕਰਦਿਆਂ ਚਾਰ ਪਿੰਡਾਂ 'ਚ ਗਏ। ਉਨ੍ਹਾਂ ਆਪਣੀ ਕਾਰ 'ਚ ਬੈਠਿਆਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਬਾਅਦ 'ਚ ਸ੍ਰੀ ਬਾਦਲ ਨੇ ਸ਼ਾਮ ਤੇ ਭਲਕ ਦੇ ਪ੍ਰੋਗਰਾਮ ਰੱਦ ਕਰ ਦਿੱਤੇ।

# ਮਹਿੰਦਰਾ ਕੰਪਨੀ ਵੱਲੋਂ ਦਾਨ ਵਿਚ ਮਿਲੀ ਥਾਰ ਨੂੰ ਸ਼੍ਰੋਮਣੀ ਕਮੇਟੀ ਕਰੇਗੀ ਨਿਲਾਮ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾਨ 'ਚ ਮਿਲੀ 'ਥਾਰ' ਨਿਲਾਮ ਕਰਨ ਜਾ ਰਹੀ ਹੈ। ਨਵੀਂ ਨਕੋਰ ਲਾਲ ਰੰਗ ਦੀ ਇਹ 'ਥਾਰ' ਪੰਜ ਅਪਰੈਲ ਨੂੰ ਨਿਲਾਮ ਕੀਤੀ ਜਾਵੇਗੀ। ਮਹਿੰਦਰਾ ਕੰਪਨੀ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਨਵੀਂ ਥਾਰ ਗੱਡੀ ਦਾਨ ਵਿਚ ਦਿੱਤੀ ਸੀ। ਹਾਲੇ ਤੱਕ ਇਹ ਗੱਡੀ ਸਿਰਫ਼ 700 ਕਿਲੋਮੀਟਰ ਹੀ ਚੱਲੀ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਨਿਲਾਮ ਕਰਨ ਦਾ ਫ਼ੈਸਲਾ ਕਰ ਲਿਆ ਹੈ। ਸਭ ਖ਼ਰਚਿਆਂ ਸਮੇਤ ਇਸ ਦੀ ਬਾਜ਼ਾਰੂ ਕੀਮਤ 16.50 ਲੱਖ ਰੁਪਏ ਦੱਸੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮਹਿੰਦਰਾ ਕੰਪਨੀ ਦੀ ਥਾਰ ਗੱਡੀ ਦੀ ਕਾਫ਼ੀ ਮੰਗ ਹੈ ਤੇ ਇਸ ਗੱਡੀ ਨੂੰ ਖਰੀਦਣ ਵਾਲਿਆਂ ਦੀ ਲੰਮੀ ਉਡੀਕ ਚੱਲ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਖੁੱਲ੍ਹੀ ਬੋਲੀ ਰਾਹੀਂ ਇਸ ਥਾਰ ਨੂੰ ਨਿਲਾਮ ਕੀਤਾ ਜਾਵੇਗਾ, ਜਿਸ ਲਈ ਸਕਿਓਰਿਟੀ ਫ਼ੀਸ 50 ਹਜ਼ਾਰ ਰੁਪਏ ਰੱਖੀ ਗਈ ਹੈ। ਜਾਣਕਾਰੀ ਅਨੁਸਾਰ ਮਹਿੰਦਰਾ ਕੰਪਨੀ ਵੱਲੋਂ ਜਦੋਂ ਵੀ ਕੋਈ ਨਵੀਂ ਗੱਡੀ ਲਾਂਚ ਕੀਤੀ ਜਾਂਦੀ ਹੈ ਤਾਂ ਪਹਿਲੀ ਗੱਡੀ ਦਾਨ ਵਜੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜਾਂਦੀ ਹੈ। ਪੰਜ ਸਾਲ ਪਹਿਲਾਂ ਵੀ ਕੰਪਨੀ ਨੇ ਇੱਕ ਗੱਡੀ ਦਾਨ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਮਹਿੰਦਰਾ ਵੱਲੋਂ ਦਾਨ ਕੀਤੀ ਥਾਰ ਗੱਡੀ ਉਨ੍ਹਾਂ ਦੇ ਕੰਮ ਨਹੀਂ ਆ ਰਹੀ ਹੈ ਅਤੇ ਉਨ੍ਹਾਂ ਨੇ ਨਿਲਾਮੀ ਕਰਨ ਤੋਂ ਪਹਿਲਾਂ ਕੰਪਨੀ ਤੋਂ ਵੀ ਹਰੀ ਝੰਡੀ ਲੈ ਲਈ ਹੈ। ਉਨ੍ਹਾਂ ਦੱਸਿਆ ਕਿ ਥਾਰ ਨੂੰ ਨਿਲਾਮ ਕਰ ਕੇ ਉਹ ਕੋਈ ਹੋਰ ਗੱਡੀ ਖ਼ਰੀਦਣਗੇ, ਜੋ ਸ਼੍ਰੋਮਣੀ ਕਮੇਟੀ ਦੇ ਕੰਮ ਆ ਸਕੇ। ਮਹਿੰਦਰਾ ਕੰਪਨੀ ਨੇ ਇਹ ਥਾਰ ਮੁੰਬਈ ਤੋਂ ਭੇਜੀ ਸੀ। ਇਹ ਥਾਰ 2021 ਮਾਡਲ ਗੱਡੀ ਹੈ ਜੋ ਸ਼੍ਰੋਮਣੀ ਕਮੇਟੀ ਦੇ ਨਾਮ ਹੈ।




ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਯੋਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਮਾਧੋਦਾਸ ਦਾ ਕ੍ਰੋਧਵਾਨ ਹੋਣਾ

1025 ਮਾਧੋਦਾਸ ਨੂੰ ਸੁਣ ਕ੍ਰੋਧ ਆਇਆ, ਸ਼ਕਤੀ ਆਪਣੀ ਉਹ ਅਜਮਾਉਣ ਲੱਗਾ।
ਜਿੰਨ ਭੂਤ ਬੀਰ* ਜੋ ਵਸ ਕੀਤੇ, ਮੰਤ੍ਰ ਮਾਰ ਕੇ ਉਨ੍ਹਾਂ ਬੁਲਾਉਣ ਲੱਗਾ।
ਸਣੇ ਪਲੰਘ ਉਸ ਨੂੰ ਕਰੋ ਮੂਧਾ, ਬੀਰਾਂ ਤਾਈਂ ਜਾ ਉਹ ਸਮਝਾਉਣ ਲੱਗਾ।
ਅੱਗ ਲਾ ਕੇ ਰਸੋਈ ਭਸਮ ਕਰਦੇ, ਹਰਚੰਦ ਸਿੰਘ ਜੀ ਮਾਸ ਪਕਾਉਣ ਲੱਗਾ॥

*** ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਮਾਧੋਦਾਸ ਵੈਰਾਗੀ ਕੋਲ ਬੀਰ ਅਤੇ ਜਾਦੂ ਸ਼ਕਤੀਆਂ ਸਨ।**

### ਬੀਰਾਂ ਦਾ ਵਾਪਸ ਆਉਣਾ

1026 ਜਾ ਕੇ ਬੀਰਾਂ ਨੇ ਕਹਿੰਦੇ ਜ਼ੋਰ ਲਾਇਆ, ਪਰ ਕਿਸੇ ਕੰਮ ਨਾ ਆਇਆ ਜੀ।
ਬਾਹੀ ਪਲੰਘ ਦੀ ਹਿਲਾਈ ਨਾ ਹਿੱਲੀ, ਸਾਰਾ ਤਾਣ ਉਨ੍ਹਾਂ ਨੇ ਲਾਇਆ ਜੀ।
ਹਰ ਪਾਸਿਉਂ ਉਨ੍ਹਾਂ ਦੀ ਹਾਰ ਹੋਈ, ਨੁਕਸਾਨ ਆਪਣਾ ਉਨ੍ਹਾਂ ਕਰਾਇਆ ਜੀ।
ਰੋ ਰੋ ਕੇ ਉਨ੍ਹਾਂ ਹਰਚੰਦ ਸਿੰਘਾ, ਮਾਧੋਦਾਸ ਨੂੰ ਹਾਲ ਸੁਣਾਇਆ ਜੀ॥

### ਮਾਧੋਦਾਸ ਨੇ ਕਾਲੇ ਇਲਮ ਦੀ ਵਰਤੋਂ ਕਰਨੀ

1027 ਕਾਲੇ ਇਲਮ ਦੀ ਖੋਲ੍ਹੀ ਕਿਤਾਬ ਉਸਨੇ, ਬਾਕੀ ਇਲਮ ਤੇ ਯੋਗ ਅਜ਼ਮਾ ਲਏ।
ਮੰਤ੍ਰ-ਤੰਤ੍ਰ ਸਾਰੇ ਹੀ ਫੇਲ੍ਹ ਹੋ ਗਏ, ਦੀਵੇ ਆਸਾਂ ਦੇ ਸਭ ਬੁਝਾ ਲਏ।
ਇਹ ਤੇ ਸ਼ਿਵ ਦਾ ਕੋਈ ਅਵਤਾਰ ਆਇਆ, ਹੱਥ ਸੰਤ ਨੇ ਕੰਨਾਂ ਨੂੰ ਲਾ ਲਏ।
ਹਰਚੰਦ ਸਿੰਘਾ ਮਾਰ ਹੰਕਾਰ ਉਸਨੇ, ਚਾਲੇ ਕੁਟੀਆ ਵੱਲ ਨੂੰ ਪਾ ਲਏ॥

### ਮਾਧੋਦਾਸ ਦਾ ਗੁਰਾਂ ਜੀ ਪਾਸ ਆਉਣਾ

1028 ਮਾਧੋਦਾਸ ਸੀ ਕੁਟੀਆ ਵਿਚ ਆਇਆ, ਦਿਲੋਂ ਕੰਬਿਆ ਸਾਧ ਸੀ ਖੌਫ਼ ਖਾ ਕੇ।
ਹੱਥ ਜੋੜ ਗਲੇ ਵਿਚ ਪਾ ਪਰਨਾ, ਉਹ ਖੜਿਆ ਗੁਰਾਂ ਦੇ ਕੋਲ ਆ ਕੇ।
ਹੋਈ ਰੌਸ਼ਨੀ ਗੁਰੂ ਦੀਦਾਰ ਕਰਕੇ, ਹਨੇਰੇ ਰੱਖ ਤੇ ਅੰਦਰੋਂ ਸਭ ਲਾਹ ਕੇ।
ਹਰਚੰਦ ਸਿੰਘਾ ਭੁੱਲੇ ਸਭ ਜਾਦੂ, ਧੰਨ ਹੋ ਗਿਆ ਦਰਸ਼ਨ ਉਹ ਪਾ ਕੇ॥

### ਦਸਮੇਸ਼ ਜੀ ਦੀ ਮਾਧੋਦਾਸ ਨਾਲ ਗੋਸ਼ਟੀ

1029 ਗੁਰਾਂ ਪੁੱਛਿਆ ਕੀ ਹੈ ਨਾਮ ਤੇਰਾ, ਕਿਸ ਕੰਮ ਲਈ ਇਸ ਦੁਆਰ ਆਇਆ।
ਕਿਸ ਮਿਲਣਾ ਕੀ ਹੈ ਨਾਮ ਉਸਦਾ, ਕਿਸ ਰੂਹ ਦੇ ਕਰਨ ਦੀਦਾਰ ਆਇਆ।
ਕਿਸ ਗੱਲੋਂ ਦਿਲ ਪਿਆ ਧੜਕਦਾ ਏ, ਜੂਏ ਵਿਚ ਜਿਉਂ ਬਾਜੀ ਹਾਰ ਆਇਆ।
ਅਸੀਂ ਖ਼ੁਦ ਮਹਿਮਾਨ ਹਰਚੰਦ ਸਿੰਘਾ, ਸਾਨੂੰ ਇਸ ਸਥਾਨ ਦਾ ਪਿਆਰ ਆਇਆ॥

### ਮਾਧੋਦਾਸ

1030 ਮਾਧੋਦਾਸ ਵੈਰਾਗੀ ਨੇ ਲੋਕ ਕਹਿੰਦੇ, ਲਛਮਣ ਦਾਸ ਵੀ ਨਾਮ ਧਰਾਇਆ ਏ।
ਪੁਨਸ਼ (ਕਸ਼ਮੀਰ) ਦਾ ਜਨਮ ਮੇਰਾ, ਇਹ ਕੁਟੀਆ ਰਹਿਣ ਬਣਾਇਆ ਏ।
ਰਾਜਪੂਤ ਘਰਾਣਾ ਹੈ ਵੰਸ਼ ਮੇਰੀ, ਗਿਆਨ ਮਿਲ ਗਿਆਨੀਆਂ ਪਾਇਆ ਏ।
ਜਤੀ ਰਹਿ ਕੇ ਅਸਾਂ ਤੇ ਉਮਰ ਸਾਰੀ, ਕੀਤੀ ਸਾਧਨਾ ਯੋਗ ਕਮਾਇਆ ਏ॥

1031 ਬਚਪਨ ਲੰਘ ਕੇ ਜਦ ਜਵਾਨ ਹੋਇਆ, ਸ਼ਿਕਾਰ ਕਰਨ ਮੈਂ ਜੰਗਲੀ ਜਾਂਵਦਾ ਸੀ।
ਤੀਰ ਸਿੰਨ ਕੇ ਐਸਾ ਮਾਰਦਾ ਮੈਂ, ਜਾਨਵਰਾਂ ਨੂੰ ਥੈਂ ਟਕਾਂਵਦਾ ਸੀ।
ਬੜੇ ਸ਼ੌਕ ਦੇ ਨਾਲ ਪਰਿਵਾਰ ਸਾਰਾ, ਮਾਸ ਰਿੰਨ੍ਹ-ਭੁੰਨ੍ਹ ਕੇ ਖਾਂਵਦਾ ਸੀ।
ਯਾਰਾਂ-ਬੇਲੀਆਂ ਵਿਚ ਅਨੰਦ ਕਰਕੇ, ਦਿਨ ਖੁਸ਼ੀ ਦੇ ਪਿਆ ਲੰਘਾਂਵਦਾ ਸੀ॥

1032 ਇਕ ਦਿਨ ਭੁਲੇਖੇ ਹਿਰਨ ਦੇ ਮੈਂ, ਸੂਣ ਵਾਲੀ ਹਿਰਨੀ ਮਾਰ ਬੈਠਾ।
ਬੱਚੇ ਨਿਕਲੇ ਉਸਦੇ ਪੇਟ ਵਿੱਚੋਂ, ਤੋੜ ਧਨੁੱਖ ਤੇ ਛੱਡ ਕਟਾਰ ਬੈਠਾ।
ਘਰ ਛੱਡ ਵੈਰਾਗੀ ਹੋ ਤੁਰਿਆ ਅਤੇ ਗੁਰੂ ਕਈ ਮੈਂ ਧਾਰ ਬੈਠਾ।
ਚਲਦਾ ਚਲਦਾ ਮੈਂ ਹਰਚੰਦ ਸਿੰਘਾ, ਇਸ ਥਾਂ ਤੇ ਆਖਰਕਾਰ ਬੈਠਾ॥

1033 ਆਖਰ ਮਿਲਿਆ ਲੌਣੀਆ ਸਿੱਧ ਮੈਨੂੰ, ਜਾਦੂ ਮੰਤਰਾਂ ਕਸਬ ਮੈਂ ਪਾ ਲਿਆ।
ਲਈ ਵਿੱਦਿਆ ਘੋਰ ਮੈਂ ਚਿਲੇ ਕੱਟੇ, ਬੜਾ ਨਾਮ ਮੈਂ ਫਿਰ ਕਮਾ ਲਿਆ।
ਛੱਤੀ ਸਾਲ ਦੀ ਹੋਈ ਉਮਰ ਮੇਰੀ, ਜਤੀ ਰਹਿ ਕੇ ਵਕਤ ਟਪਾ ਲਿਆ।
ਚੇਲੇ-ਬਾਲੇ ਰੱਖ ਹਰਚੰਦ ਸਿੰਘਾ, ਇਹ ਬਾਗ ਮੈਂ ਸੁੰਦਰ ਸਜਾ ਲਿਆ॥

1034 ਆਪ ਕੌਣ ਤੇ ਕਿੱਧਰੋਂ ਹੋ ਆਏ, ਇੱਥੇ ਆਉਣ ਦਾ ਕੀ ਸਬੱਬ ਹੋਇਆ।
ਇਹ ਕੁਟੀਆ ਵੈਸ਼ਨੂੰ ਸੰਤ ਦੀ ਏ, ਇੱਥੇ ਆਣ ਕੇ ਤੁਸਾਂ ਕਿਉਂ ਖ਼ੂਨ ਚੋਇਆ।
ਆਏ ਯੁੱਧ 'ਚੋਂ ਜਾਂ ਕੇ ਲੜਨ ਚੱਲੇ, ਦੱਸੋ ਛੇਤੀ ਸਾਡਾ ਤੇ ਸਬਰ ਖੋਇਆ।
ਸਾਡੀ ਵਿੱਦਿਆ ਹੋ ਗਈ ਫੇਲ੍ਹ ਸਾਰੀ, ਸਾਡੀ ਸ਼ਕਤੀ ਅਤੇ ਗੁਮਾਨ ਮੋਇਆ॥

### ਸਤਿਗੁਰਾਂ ਨੇ ਸਾਰੀ ਵਿਥਿਆ ਦੱਸਣੀ

1035 ਅਸੀਂ ਨਾਨਕ ਦੀ ਦਸਵੀਂ ਪਾਤਸ਼ਾਹੀ, ਪੱਟਣ ਜਬਰ-ਜ਼ੁਲਮ ਦੀ ਜੜ ਆਏ।
ਨਾਲ ਜ਼ੁਲਮ ਦੇ ਮੱਥਾ ਡਾਇਆ ਏ, ਅਸੀਂ ਬਹੁਤ ਲੜਾਈਆਂ ਲੜ ਆਏ।
ਭਾਰਤ ਦੇਸ਼ ਆਜ਼ਾਦ ਕਰਾਵਣੇ ਨੂੰ, ਆਖਰ ਦੱਖਣ ਦਿਸ਼ਾ ਨੂੰ ਚੜ੍ਹ ਆਏ।
ਅਕਾਲ ਪੁਰਖ ਨੇ ਜੋ ਵੀ ਰਾਹ ਪਾਏ, ਹਰਚੰਦ ਸਿੰਘਾ ਰਾਹ ਉਹ ਫੜ ਆਏ॥

1036 ਹਿੰਦੂ ਧਰਮ ਲਈ ਪਿਤਾ ਕੁਰਬਾਨ ਕੀਤਾ, ਚਾਰ ਪੁੱਤਰ ਮਾਤਾ ਵੀ ਵਾਰ ਦਿੱਤੇ।
ਲੱਖਾਂ ਸਿੰਘ ਸ਼ਹੀਦੀਆਂ ਪਾ ਗਏ, ਸੁੱਖ ਜੀਵਨ ਦੇ ਅਸਾਂ ਵਿਸਾਰ ਦਿੱਤੇ।
ਜੜ ਪੁੱਟਣੀ ਦੇਸ਼ 'ਚੋਂ ਤੁਰਕਾਂ ਦੀ, ਲੱਖਾਂ ਸਿੰਘ ਨੇ ਕਰ ਤਿਆਰ ਦਿੱਤੇ।
ਕੱਖਾਂ-ਕਾਨਿਆਂ ਵਾਂਙ ਜੋ ਟੁੱਟਦੇ ਸੀ, ਹਰਚੰਦ ਸਿੰਘਾ ਕਰ ਉਹ ਸਾਰ ਦਿੱਤੇ॥

1037 ਲੱਖਾਂ ਸਾਧੂ, ਸੰਤ, ਮਹੰਤ ਬੈਠੇ, ਰਿਧੀਆਂ-ਸਿਧੀਆਂ ਜਿਨ੍ਹਾਂ ਦੇ ਕੋਲ ਬੇਲੀ।
ਤੁਰਕ ਦੇਸ਼ ਤੇ ਕਬਜ਼ਾ ਕਰ ਬੈਠੇ, ਅਸੀਂ ਬੈਠੇ ਹੋ ਅਣਭੋਲ ਬੇਲੀ।
ਅਸੀਂ ਸੂਰਮੇ, ਵਲੀ ਤਿਆਰ ਕਰਨੇ, ਤੇਰੇ ਜੈਸੇ ਥਾਂ ਥਾਂ ਟੋਲ੍ਹ ਬੇਲੀ।
ਬਾਹੂ ਬਲ ਦੇ ਨਾਲ ਹਰਚੰਦ ਸਿੰਘਾ, ਕਰਨੇ ਦੁਸ਼ਮਣਾਂ ਦੇ ਬਿਸਤਰੇ ਗੋਲ ਬੇਲੀ॥

1038 ਦੋ ਬੱਚੇ ਮੋਏ ਮਿਰਗਨੀ ਦੇ, ਤੇਰੇ ਕੋਲੋਂ ਹੋਏ ਨਾ ਝੱਲ ਮਾਧੋ।
ਕਿਨ੍ਹੇ ਕਤਲ ਮਾਸੂਮ ਪੰਜਾਬ ਹੁੰਦੇ, ਜਾ ਕੇ ਵੇਖ ਲੈ ਅੱਖੀਂ ਚੱਲ ਮਾਧੋ।
ਜਿਸ ਮਿੱਟੀ ਨੇ ਦਿੱਤੀ ਜ਼ਿੰਦਗਾਨੀ, ਤੁਰਕ ਬੈਠੇ ਉਸਨੂੰ ਮੱਲ ਮਾਧੋ।
ਹਰਚੰਦ ਸਿੰਘਾ ਯੋਗ ਦਾ ਕੀ ਫ਼ਾਇਦਾ, ਜੇ ਹੋਏ ਨਾ ਮਸਲੇ ਹੱਲ ਮਾਧੋ॥

1039 ਗਲਤ ਪਾਸੇ ਵਰਤੇਂ ਸ਼ਕਤੀਆਂ ਨੂੰ, ਇਹ ਚੰਗਾ ਨਹੀਂ ਵਿਹਾਰ ਤੇਰਾ।
ਗੇਰੇਂ ਪਲੰਘ ਤੋਂ ਸੰਤਾਂ ਸਾਧੂਆਂ ਨੂੰ, ਯੋਗ ਕੀਤਾ ਸਭ ਬੇਕਾਰ ਤੇਰਾ।
ਕਸ਼ਮੀਰ, ਪੰਜਾਬ ਸੂਲੀ ਤੇ ਟੰਗਿਆ ਏ, ਦੁੱਖ ਭੋਗਦਾ ਹਰ ਪਰਿਵਾਰ ਤੇਰਾ।
ਸਾਰ ਲਈ ਨਾ ਗਊ-ਗ਼ਰੀਬ ਦੀ ਜੇ, ਹਰਚੰਦ ਸਿੰਘਾ ਜੀਣਾ ਦੁਰਕਾਰ ਤੇਰਾ॥

### ਮਾਧੋਦਾਸ ਦਾ ਸਤਿਗੁਰੂ ਜੀ ਨੂੰ ਤਰਲਾ

1040 ਬੰਦਾ ਆਪਦਾ, ਆਪਦੇ ਜਿੰਦ ਲੇਖੇ, ਜਿਵੇਂ ਕਹੋ ਉਵੇਂ ਤਿਆਰ ਹਾਂ ਮੈਂ।
ਇਸ ਪਾਸੇ ਕਦੇ ਨਾ ਸੋਚਿਆ ਸੀ, ਹੁਣ ਹੋਇਆ ਬੇ-ਕਰਾਰ ਹਾਂ ਮੈਂ।
ਸੂਰਤ-ਸੀਰਤ ਆਪਦੀ ਬਖਸ਼ ਦੇਵੋ, ਵੈਰੀ ਵਾਸਤੇ ਤੇਜ ਕਟਾਰ ਹਾਂ ਮੈਂ।
ਮਿਹਰਾਂ ਵਾਲਿਆ ਬੰਦਾ ਬਣਾ ਆਪਣਾ, ਸੱਚਾ ਗੁਰਾਂ ਦਾ ਤਾਬਿਆਦਾਰ ਹਾਂ ਮੈਂ॥

1041 ਸੰਤ ਮਹੰਤ ਬੜੇ ਮੈਂ ਤੰਗ ਕੀਤੇ, ਮੈਨੂੰ ਬਖ਼ਸ਼ੋ ਬਖਸ਼ਣਹਾਰ ਦਾਤਾ।
ਛੱਤੀ ਸਾਲ ਗੁਆਏ ਜ਼ਿੰਦਗੀ ਦੇ, ਕੋਈ ਕਰੀ ਨਾ ਭਲੀ ਕਾਰ ਦਾਤਾ।
ਕੰਮ ਕੋਈ ਵੀ ਦਾਸ ਨੂੰ ਲਾ ਦੇਵੋ, ਨਾਲ ਜਿੰਦ ਦੇ ਲਾਉ ਪਾਰ ਦਾਤਾ।
ਸਿੰਘ ਆਪਦਾ ਲਓ ਸਜਾ ਮੈਨੂੰ, ਹਰਚੰਦ ਸਿੰਘ ਤੇ ਕਰੋ ਉਪਕਾਰ ਦਾਤਾ॥

### ਗੁਰੂ ਜੀ

1042 ਰਾਹ ਸਿੱਖੀ ਦ ਚਲਣਾ ਬੜਾ ਔਖਾ, ਤੁਰਨਾ ਪੈਂਦਾ ਤਲਵਾਰ ਦੀ ਧਾਰ ਉਤ।
ਸੀਸ ਆਪਣਾ ਕੱਟਣਾ ਆਪ ਪੈਂਦਾ, ਜਿੰਦ ਲਾਉਣੀ ਪਰ-ਉਪਕਾਰ ਉਤ।
ਧਰਮ ਕਰਮ ਸਰਬੱਤ ਦ ਭਲ ਲਈ, ਹੱਥ ਰੱਖਣਾ ਸਦਾ ਕਟਾਰ ਉਤ।
ਜ਼ਰ-ਜ਼ੋਰੋ-ਜ਼ਮੀਨ ਦਾ ਤਿਆਗ ਕਰਨਾ, ਭਰੋਸਾ ਰੱਖਣਾ ਸਦਾ ਕਰਤਾਰ ਉਤ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429



Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

ap 09

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ: 604-901-9044, Email: kashkaur59@gmail.com

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap23

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਸੁੰਦਰ ਜੱਟ ਸਿੱਖ ਲੜਕਾ (ਵੈਨਕੋਵਰ) ਨਵੰਬਰ 91, 5'11" ਇੰਜੀਨੀਅਰ, ਮਾਪੇ ਟੀਚਰ ਰਿਟਾਇਰਡ ਵਾਸਤੇ ਸੁੰਦਰ, ਲੰਮੀ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੱਡੀ ਬੇਸ, ਵਰਕ ਪਰਮਟ ਵੀ ਵਿਚਾਰਯੋਗ। ਲੜਕਾ ਖੰਨਾ, ਸਮਰਾਲਾ ਏਰੀਏ ਨਾਲ ਸਬੰਧ ਰੱਖਦਾ ਹੈ। ਮੈਰਿਜ ਬਿਊਰੋ ਮਾਫ ਕਰਣ।
Phone: +1(778) 636-4622,
94637-48264 (INDIA)

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਲੜਕਾ ਉਮਰ 31 ਸਾਲ ਕੱਦ 6' ਵਧੀਆ ਜੌਬ ਕਰਦਾ ਹੈ ਵਾਸਤੇ ਯੋਗ ਕੈਨੇਡੀਅਨ ਸਿਟੀਜਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 778-847-2800 ਨੰਬਰ 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋਂ ਘੱਟ 5'5" ਹੋਵੇ। ਸੰਪਰਕ: 604-308-8138

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

◆◆◆◆◆◆◆◆◆◆◆◆◆◆

# ਹਿੰਮਤ ਅਤੇ ਸਾਹਸ ਦੀ ਮਿਸਾਲ ਹਨ ਪੈਰਾ ਅਥਲੀਟ




ਜਦੋਂ ਗੱਲ ਖੇਡਾਂ ਦੀ ਆਉਂਦੀ ਹੈ ਤਾਂ ਹਮੇਸ਼ਾ ਮਨ ਵਿੱਚ ਇੱਕ ਚੰਗੀ ਸਿਹਤ ਦਾ ਖਿਆਲ ਆਉਂਦਾ ਹੈ। ਹਮੇਸ਼ਾ ਮੰਨਿਆ ਜਾਂਦਾ ਹੈ ਕਿ ਸਰੀਰਕ ਪੱਖੋਂ ਬਲਵਾਨ ਵਿਅਕਤੀ ਨੂੰ ਖੇਡਾਂ ਵਿੱਚ ਆਪਣੇ ਆਪ ਨੂੰ ਅਜਮਾਉਣਾ ਚਾਹੀਦਾ ਹੈ। ਆਮ ਹੀ ਸਕੂਲਾਂ ਵਿੱਚ ਪੜਾਈ ਵਿੱਚ ਘੱਟ ਦਿਲਚਸਪੀ ਰੱਖਣ ਵਾਲੇ ਪਰ ਸਰੀਰਕ ਪੱਖੋਂ ਸਡੌਲ ਸਰੀਰ ਵਾਲੇ ਬੱਚੇ ਨੂੰ ਅਧਿਆਪਕ ਅਕਸਰ ਕਹਿ ਦਿੰਦੇ ਹਨ ਕਿ ਪੜਾਈ ਵਿੱਚ ਤੇ ਪਤਾ ਨਹੀਂ ਪਰ ਖੇਡਾਂ ਵਿੱਚ ਤੂੰ ਜਰੂਰ ਕਾਮਯਾਬ ਹੋ ਸਕਦਾ। ਕਹਿਣ ਤੋਂ ਭਾਵ ਇੱਕ ਚੰਗੇ ਰਿਸ਼ਟ ਪੁਸ਼ਟ ਤੰਦਰੁਸਤ ਸਰੀਰ ਨੂੰ ਖੇਡਾਂ ਲਈ ਉਚਿਤ ਮੰਨਿਆ ਜਾਂਦਾ ਹੈ। ਪਰ ਜਦੋਂ ਅਸੀਂ ਪੈਰਾ ਉਲੰਪਿਕ ਖਿਡਾਰੀਆਂ ਨੂੰ ਦੇਖਦੇ ਹਾਂ ਤਾਂ ਸਾਡੇ ਸਾਰਿਆਂ ਦੀਆਂ ਇਹ ਧਾਰਨਾਵਾਂ ਫਿੱਕੀਆਂ ਪੈ ਜਾਂਦੀਆਂ ਹਨ। ਕਿਤੇ ਨਾ ਕਿਤੇ ਮਨ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਸਰੀਰਕ ਰਿਸ਼ਟ ਪੁਸ਼ਟਤਾ ਤੋਂ ਇਲਾਵਾ ਜੇਕਰ ਹੌਸਲਿਆਂ ਵਿੱਚ ਦਮ ਹੋਵੇ, ਜੇ ਕੁਝ ਕਰ ਗੁਜ਼ਰਨ ਦੀ ਚਾਹਤ ਹੋਵੇ ਤਾਂ ਕਹਿਣ ਨੂੰ ਸਰੀਰਕ ਪੱਖੋਂ ਵਿਕਲਾਂਗ ਇਨਸਾਨ ਵੀ ਦੇਸ਼ ਦਾ ਸਰਵਉੱਚ ਸਨਮਾਨ ਹਾਸਿਲ ਕਰ ਸਕਦਾ ਹੈ। ਜੇਕਰ ਪੈਰਾ ਓਲੰਪਿਕ ਖੇਡਾਂ ਦੇ ਇਤਹਾਸ ਦੀ ਗੱਲ ਕਰੀਏ ਤਾਂ ਸੰਨ 1944 ਵਿੱਚ ਪਹਿਲੀ ਵਾਰ ਬਿਟ੍ਰੇਨ ਦੇ ਇੱਕ ਹਸਪਤਾਲ ਵਿੱਚ ਰੀੜ੍ਹ ਦੀ ਹੱਡੀ ਦੀਆਂ ਸੱਟਾਂ ਦਾ ਕੇਂਦਰ (Spinal injuries center) ਖੋਲ੍ਹਿਆ ਗਿਆ। ਜਿੱਥੇ ਮਰੀਜ਼ਾਂ ਦੀ ਕਸਰਤ ਅਤੇ ਸਰੀਰਕ ਹਿਲਜੁਲ ਦੇ ਮਨੋਰਥ ਅਧੀਨ ਡਾਕਟਰਾਂ ਦੁਆਰਾ ਵੀਲ ? ਚੇਅਰ ਤੇ ਬੈਠੇ ਮਰੀਜ਼ਾਂ ਦਾ ਦੋੜ ਦਾ ਮੁਕਾਬਲਾ ਕਰਵਾਇਆ ਗਿਆ, ਇਸੇ ਹੀ ਮੁਕਾਬਲੇ ਨੇ ਅੱਗੇ ਜਾਕੇ ਵਿਸ਼ਵ ਪੱਧਰ ਦੀਆਂ ਪੈਰਾ ਖੇਡਾਂ ਦਾ ਰੂਪ ਧਾਰਨ ਕਰ ਲਿਆ। ਹੁਣ ਵੀ 2 ਦਸੰਬਰ ਤੋਂ 6 ਦਸੰਬਰ 2021 ਤੱਕ ਬਹਿਰੀਨ ਵਿੱਚ ਏਸ਼ੀਆਈ ਪੈਰਾ ਯੁਵਾ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਰਤ ਦੇ 90 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ। ਭਾਰਤੀ ਮਿਸ਼ਨ ਦੇ ਵਰਿੰਦਰ ਕੁਮਾਰ ਡਬਾਸ ਨੇ ਦੱਸਿਆ ਕਿ ਖੇਡਾਂ ਦੇ ਪਹਿਲੇ ਤੇ ਦੂਜੇ ਦਿਨ ਭਾਰਤ ਦੇ 19 ਐਥਲੀਟਾਂ ਨੇ 5 ਸੋਨ, 6 ਚਾਂਦੀ ਤੇ 8 ਕਾਂਸੀ ਤਮਗ਼ੇ ਜਿੱਤੇ ਹਨ।ਪੰਜਾਬ ਦੀ ਅਨਨਿਆ ਬੰਸਲ ਨੇ ਸ਼ਾਟ ਪੁੱਟ ਥ੍ਰੋਅ 'ਚ ਚਾਂਦੀ ਦਾ ਤਮਗ਼ਾ ਜਿੱਤ ਕੇ ਭਾਰਤ ਦੀ ਝੋਲੀ ਵਿੱਚ ਪਹਿਲਾ ਮੈਡਲ ਪਾਇਆ। ਜਦਕਿ ਪ੍ਰਵੀਨ ਕੁਮਾਰ ਨੇ ਹਾਈ ਜੰਪ 'ਚ ਸੋਨ, ਦਰਸ਼ ਨੇ 100 ਮੀਟਰ 'ਚ ਕਾਂਸੀ ਤੇ ਲਕਸ਼ਿਤ ਨੇ ਸ਼ਾਟਪੁੱਟ 'ਚ ਕਾਂਸੀ ਤਮਗ਼ੇ ਜਿੱਤੇ। ਇਸ ਤੋਂ ਇਲਾਵਾ ਖਿਡਾਰੀ ਸਵਿਮਿੰਗ ਤੇ ਪੈਰਾ ਬੈਡਮਿੰਟਨ 'ਚ ਮੈਡਲ ਜਿੱਤ ਚੁੱਕੇ ਹਨ। ਪੈਰਾ ਅਥਲੀਟ ਸਾਹਸ, ਹਿੰਮਤ ਦੀ ਇੱਕ ਜਿਉਂਦੀ ਜਾਗਦੀ ਉਦਹਾਰਣ ਹਨ। ਜਿੰਦਗੀ ਤੋਂ ਅੱਕੇ ਥੱਕੇ ਤੇ ਨਿਰਾਸ਼ ਹੋਏ ਵਿਅਕਤੀ ਲਈ ਇਹ ਖਿਡਾਰੀ ਪ੍ਰੇਰਨਾਸਰੋਤ ਹਨ ਕਿ ਇਸ ਦੁਨੀਆਂ ਵਿੱਚ ਕੁਝ ਵੀ ਨਾਮੁਮਕਿਨ ਨਹੀਂ ਹੈ। ਜੇ ਬੁਲੰਦੀਆਂ ਨੂੰ ਛੂਹਣ ਦੀ ਤਮੰਨਾ ਦਿਲ ਵਿੱਚ ਹੋਵੇ ਤਾਂ ਬਿਨਾਂ ਪੈਰਾਂ ਤੋਂ ਵੀ ਦੌੜਿਆ ਜਾ ਸਕਦਾ ਹੈ। ਇਹ ਖਿਡਾਰੀ ਸਾਡੇ ਦੇਸ਼ ਦਾ ਮਾਣ ਹਨ। ਸਾਡੇ ਦੇਸ਼ ਦੇ ਖੇਡ ਪ ?ਬੰਧਨ ਵਿੱਚ ਇਹਨਾਂ ਖਿਡਾਰੀਆਂ ਲਈ ਵਿਸ਼ੇਸ਼ ਸਹੂਲਤਾਂ ਅਤੇ ਸਨਮਾਨ ਹੋਣੇ ਚਾਹੀਦੇ ਹਨ ਤਾਂ ਜੋ ਸਰੀਰਕ ਪੱਖੋਂ ਵਿਕਲਾਂਗ ਪਰ ਮਜ਼ਬੂਤ ਹੌਸਲੇ ਰੱਖਣ ਵਾਲੇ ਹੋਰ ਲੋਕ ਵੀ ਦੂਸਰਿਆਂ ਲਈ ਮਿਸਾਲ ਬਣ ਸਕਣ।



ਹਰਕੀਰਤ ਕੌਰ
9779118066 3






# ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਡਾ. ਸਰਬਜੀਤ ਕੌਰ ਸੋਹਲ ਨਾਲ ਰੂਬਰੂ

ਸਰੀ (ਹਰਦਮ ਮਾਨ)-ਪੰਜਾਬ ਸਾਹਿਤ ਅਕਾਦਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ ਤਹਿਤ ਡਾ. ਸਰਬਜੀਤ ਕੌਰ ਸੋਹਲ (ਪ੍ਰਧਾਨ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ) ਨਾਲ ਰੂਬਰੂ ਕਰਵਾਇਆ ਗਿਆ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੇ ਵਿਸ਼ੇਸ਼ ਯਤਨਾਂ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਹਰਪ੍ਰੀਤ ਸੰਧੂ ਨੇ ਡਾ. ਸਰਬਜੀਤ ਸੋਹਲ ਅਤੇ ਪ੍ਰੋ. ਕੁਲਜੀਤ ਕੌਰ ਦੀ ਰਸਮੀ ਜਾਣ ਪਛਾਣ ਕਰਵਾਈ। ਰਿੰਟੂ ਭਾਟੀਆ ਨੇ ਸਰਬਜੀਤ ਸੋਹਲ, ਪ੍ਰੋਫੈਸਰ ਕੁਲਜੀਤ ਕੌਰ ਤੇ ਹਾਜ਼ਰੀਨ ਮੈਂਬਰਾਂ ਨੂੰ ਨਿੱਘੀ ਜੀ ਆਇਆਂ ਕਹੀ। ਉਨ੍ਹਾਂ ਪ੍ਰੋਫੈਸਰ ਕੁਲਜੀਤ ਦੀ ਜਾਣ ਪਹਿਚਾਣ ਕਰਾਉਂਦੇ ਹੋਏ ਕਿਹਾ ਕਿ ਉਹ ਇਕ ਵਧੀਆ ਸ਼ਾਇਰ ਤੇ ਲੇਖਕ ਹੋਣ ਦੇ ਨਾਲ ਇਕ ਮੰਝੇ ਹੋਏ ਐਂਕਰ ਤੇ ਹੋਸਟ ਵੀ ਨੇ। ਉਹਨਾਂ ਨੇ ਡਾ. ਸਰਬਜੀਤ ਕੌਰ ਸੋਹਲ ਦੀਆਂ ਕਾਵਿ ਰਚਨਾਵਾਂ ਨੂੰ ਸਲਾਹਿਆ। ਉਪਰੰਤ ਪ੍ਰੋ ਕੁਲਜੀਤ ਕੌਰ ਨੇ ਡਾ ਸਰਬਜੀਤ ਕੌਰ ਸੋਹਲ ਨਾਲ ਉਹਨਾਂ ਦੇ ਪਰਿਵਾਰਕ ਜੀਵਨ ਬਾਰੇ, ਅਧਿਐਨ ਅਤੇ ਅਧਿਆਪਨ ਦੇ ਸਫ਼ਰ ਬਾਰੇ, ਉਹਨਾਂ ਦੇ ਇਨਾਮਾਂ ਸਨਮਾਨਾਂ ਬਾਰੇ ਅਤੇ ਉਨ੍ਹਾਂ ਦੀ ਸਾਹਿਤ ਸਿਰਜਣਾ ਬਾਰੇ ਵਿਸਥਾਰ ਸਹਿਤ ਸੰਵਾਦ ਰਚਾਇਆ। ਡਾ ਸੋਹਲ ਨੇ ਆਪਣੇ ਜੀਵਨ ਦੇ ਮੁੱਢਲੇ ਦੌਰ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਤੇ ਬਹੁਤ ਵਿਦਵਤਾ ਨਾਲ ਚਾਨਣਾ ਪਾਇਆ। ਉਹਨਾਂ ਨੇ ਆਪਣੀਆਂ ਪ੍ਰਾਪਤੀਆਂ ਉਪਰ ਸੰਤੁਸ਼ਟੀ ਪ੍ਰਗਟ ਕੀਤੀ। ਬਹੁਤ ਰੌਚਿਕ ਅੰਦਾਜ਼ ਵਿੱਚ ਉਹਨਾਂ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ ਜਿਨ੍ਹਾਂ ਦੇ ਵਿਸ਼ੇ ਨਾਰੀ ਜੀਵਨ ਪ੍ਰਕਿਰਤੀ ਅਤੇ ਸਮਾਜ ਨਾਲ ਜੁੜੇ ਹੋਏ ਸਨ। ਉਹਨਾਂ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਸੰਕੇਤ ਕੀਤਾ। ਹਾਜ਼ਰ ਵਿਦਵਾਨ ਸਾਹਿਤਕਾਰਾਂ ਵੀਨਾ ਬਟਾਲਾ, ਹਰਪ੍ਰੀਤ ਸੰਧੂ, ਮਨਜੀਤ ਕੌਰ ਸੇਖੋਂ ਯੂ ਐਸ ਏ, ਹਰਦਿਆਲ ਸਿੰਘ ਝੀਤਾ ਕੈਨੇਡਾ, ਕੁਲਵੰਤ ਕੌਰ ਢਿੱਲੋਂ ਯੂ ਕੇ , ਦਲਵੀਰ ਕੌਰ ਯੂ ਕੇ, ਡਾ ਅਨੀਸ਼ ਗਰਗ ਆਦਿ ਨੇ ਮੈਡਮ ਸੋਹਲ ਤੋਂ ਬਹੁਤ ਸਾਰੇ ਸਵਾਲ ਵੀ ਪੁੱਛੇ ਜਿਨ੍ਹਾਂ ਦਾ ਡਾ ਸੋਹਲ ਨੇ ਬਹੁਤ ਹਲੀਮੀ ਨਾਲ ਤਸੱਲੀ ਬਖਸ਼ ਜਵਾਬ ਦਿੱਤੇ। ਪੱਬਪਾ, ਜਗਤ ਪੰਜਾਬੀ ਸਭਾ ਤੇ ਵਰਲਡ ਪੰਜਾਬੀ ਕਾਨਫ਼ਰੰਸ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਕੈਨੇਡਾ ਨੇ ਵਿਸ਼ੇਸ਼ ਤੌਰ ਤੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਆਪਣੀਆਂ ਵਿਸ਼ੇਸ਼ ਟਿੱਪਣੀਆਂ ਵੀ ਕੀਤੀਆਂ। ਪੂਨਮ ਸਿੰਘ ਪ੍ਰੀਤਲੜੀ , ਸੁਰਜੀਤ ਕੌਰ , ਹਰਦੀਪ ਕੌਰ, ਡਾ ਅਮਰ ਜਿਉਤੀ ਮਾਂਗਟ ਯੂ ਕੇ , ਜੈਸਮੀਨ ਮਾਹੀ, ਡਾਕਟਰ ਪੁਸ਼ਵਿੰਦਰ ਕੌਰ, ਕੁਲਦੀਪ ਕੌਰ ਧੰਜੂ , ਡਾ ਰਵਿੰਦਰ ਭਾਟੀਆ , ਹਰਭਜਨ ਕੌਰ ਗਿੱਲ ਕੈਨੇਡਾ , ਹਰਸ਼ਰਨ ਕੌਰ ਸਰੀ, ਡਾ ਗਗਨਦੀਪ ਕੌਰ, ਮਨਜੀਤ ਧੀਮਾਨ ਕੁਲਵਿੰਦਰ ਕੌਰ ਸਮਰਾ, ਅੰਜਨਾ ਮੈਨਨ, ਮਨੀ ਹਠੂਰ ਸਿੰਗਰ, ਮਨਮੋਹਨ ਸਿੰਘ ਵਾਲੀਆ ਆਹਲੂਵਾਲੀਆ ਸਭਾ, ਹਰਦਿਆਲ ਸਿੰਘ ਝੀਤਾ ਰਾਮਗੜ੍ਹੀਆ ਸਿੱਖ ਫ਼ਾਊਂਡੇਸ਼ਨ , ਮਾਲਟਨ ਵੂਮੈਨ ਕੌਂਸਲ ਸੁਰਜੀਤ ਸੰਧੂ ਤੇ ਹੋਰ , ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਅਸੀਸ ਮੰਚ , ਹੈਲਪਿੰਗ ਹੈਂਡਜ਼ ਚੈਰੀਟੇਬਲ ਟਰਸਟ ਤੇ ਹੋਰ ਸਭਾਵਾਂ ਦੇ ਮੈਂਬਰਾਂ ਨੇ ਵੀ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ । ਪੂਨਮ ਸਿੰਘ ਪ੍ਰੀਤਲੜੀ ਨੇ ਆਪਣੇ ਲਿਖਤੀ ਸੁਨੇਹੇ ਵਿਚ ਕਿਹਾ ਕਿ ਰਮਿੰਦਰ ਰਮੀ ਦੇ ਉਪਰਾਲੇ ਬਹੁਤ ਸ਼ਲਾਘਾਯੋਗ ਹਨ ਤੇ ਪ੍ਰੋਫ਼ੈਸਰ ਕੁਲਜੀਤ ਵੀ ਗੁਣਾਂ ਦੀ ਖਾਣ ਹਨ ਤੇ ਬਹੁਤ ਵਧੀਆ ਐਂਕਰ ਹੋਸਟ ਅਤੇ ਸ਼ਾਇਰ ਵੀ ਹਨ । ਸਰਬਜੀਤ ਕੌਰ ਸੋਹਲ ਇਕ ਪੁਖਤਾ ਅਤੇ ਤੰਦਰੁਸਤ ਪਰਿਵਾਰ ਦੇ ਸਹਿਜ ਪਿਆਰ ਨਾਲ ਆਪਣੀ ਇਕ ਭਰਪੂਰ ਸ਼ਖਸੀਅਤ ਲੈ ਕੇ ਪੰਜਾਬੀ ਸਾਹਿਤ ਜਗਤ ਵਿਚ ਯੋਗਦਾਨ ਪਾ ਰਹੇ ਹਨ। ਜਿੱਥੇ ਉਨ੍ਹਾਂ ਦੀ ਵਿਗਿਆਨ ਦੇ ਖੇਤਰ ਦੀ ਪੜ੍ਹਾਈ ਵੀ ਸਾਹਿਤ ਵਿਚ ਪ੍ਰੈਕਟੀਕਲ ਪੱਧਰ 'ਤੇ ਸੇਵਾ ਨਿਭਾਉਣ ਲਈ ਉਨ੍ਹਾਂ ਦਾ ਸਾਥ ਦੇ ਹੀ ਰਹੀ ਹੈ, ਓਥੇ ਬਚਪਨ ਤੋਂ ਪੰਜਾਬੀ ਦਾ ਸਾਹਿਤ ਪੜ੍ਹਨ ਅਤੇ ਜਾਨਣ ਦੀ ਲਗਨ ਤੋਂ ਲੈ ਕੇ ਇਸ ਪਾਸੇ ਦੀ ਉੱਚ ਪੱਧਰ ਦੀ ਪੜ੍ਹਾਈ ਅਤੇ ਪੜ੍ਹਾਉਣ ਵਿਚ ਦਿੱਤੀ ਜਾ ਰਹੀ ਸੇਵਾ ਅਤੇ ਉਨ੍ਹਾਂ ਵੱਲੋਂ ਲਿਖਿਆ ਗਿਆ ਬਹੁਤ ਸਾਰਾ ਸਾਹਿਤ ਉਨ੍ਹਾਂ ਨੂੰ ਹਰ ਤਰੀਕੇ ਨਾਲ ਇਸ ਖੇਤਰ ਵਿਚ ਆਗੂ ਕਿਰਦਾਰ ਨਿਭਾਉਣ ਲਈ ਹੱਕਦਾਰ ਬਣਾਉਂਦਾ ਹੈ। ਇਹ ਹੋਰ ਵੀ ਚੰਗੀ ਗੱਲ ਹੈ ਜੋ ਉਹ ਆਪਣੀਆਂ ਤਾਕਤਾਂ ਅਤੇ ਸੀਮਾਵਾਂ ਪ੍ਰਤੀ ਵੀ ਖੂਬ ਜਾਗਰੂਕ ਅਤੇ ਖੁੱਲ੍ਹੇ ਹਨ ਜੋ ਇਕ ਆਗੂ ਲਈ ਬਹੁਤ ਚੰਗਾ ਗੁਣ ਹੁੰਦਾ ਹੈ। ਇਕ ਨਾਰੀ ਦਾ ਸਥਾਨ ਸਮਾਜ ਵਿਚ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਉਸ ਦਾ ਸਵੈਮਾਣ, ਉਸ ਲਈ ਸਰਬਜੀਤ ਕੌਰ ਸੋਹਲ ਇਕ ਆਲ੍ਹਾ ਮਿਸਾਲ ਹਨ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਸਭ ਮੈਂਬਰਾਂ, ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਇਸ ਸੰਸਥਾ ਦੀ ਬੈਕ ਬੋਨ ਹਨ, ਉਹਨਾਂ ਦੇ ਸਾਥ ਤੇ ਸਹਿਯੋਗ ਦੇ ਬਿਨਾਂ ਅਸੀਂ ਅਧੂਰੇ ਹਾਂ। ਡਾਕਟਰ ਕੁਲਦੀਪ ਸਿੰਘ ਦੀਪ ਤੇ ਅਰਵਿੰਦਰ ਢਿੱਲੋਂ , ਡਾਕਟਰ ਗੁਰਚਰਨ ਕੋਚਰ ਤੇ ਪੂਨਮ ਸਿੰਘ ਪ੍ਰੀਤਲੜੀ ਵੀ ਸ਼ੁਰੂ ਤੋਂ ਸਾਡੇ ਨਾਲ ਜੁੜੇ ਹੋਏ ਹਨ। ਉਨ੍ਹਾਂ ਦਿਲ ਦੀਆਂ ਗਹਿਰਾਈਆਂ ਤੋਂ ਸਭ ਦੋਸਤਾਂ ਦੇ ਸਹਿਯੋਗ ਧੰਨਵਾਦ ਕੀਤਾ। ਅੰਤ ਵਿੱਚ ਮੈਡਮ ਸਤਿੰਦਰ ਕੌਰ ਕਾਹਲੋਂ ਨੇ ਡਾ ਸਰਬਜੀਤ ਕੌਰ ਸੋਹਲ ਅਤੇ ਸਮੂਹ ਦਰਸ਼ਕਾਂ ਦਾ ਧੰਨਵਾਦ ਕੀਤਾ। ਸਮੁੱਚੇ ਤੌਰ ਤੇ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।



AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.





Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਓ.ਟੀ.ਟੀ. 'ਤੇ ਪ੍ਰਦਰਸ਼ਿਤ ਹੋਵੇਗੀ ਜਾਹਨਵੀ ਦੀ 'ਗੁਡ ਲੱਕ ਜੈਰੀ'

'ਧੜਕ' ਤੋਂ ਪੇਸ਼ ਹੋਈ ਜਾਹਨਵੀ ਕਪੂਰ ਦੀ ਇਕ ਹੋਰ ਫ਼ਿਲਮ 'ਰੂਹੀ' ਸਿਨੇਮਾ ਘਰਾਂ ਵਿਚ ਪ੍ਰਦਰਸ਼ਿਤ ਹੋਈ ਹੈ। ਦੋ ਫ਼ਿਲਮਾਂ 'ਘੋਸਟ ਸਟੋਰੀਜ਼' ਤੇ 'ਗੁੰਜਨ ਸਕਸੈਨਾ-ਦ ਕਾਰਗਿਲ ਗਰਲ' ਓ. ਟੀ. ਟੀ. 'ਤੇ ਪ੍ਰਦਰਸ਼ਿਤ ਹੋਈਆਂ। ਹੁਣ ਜਾਹਨਵੀ ਦੀ ਇਕ ਹੋਰ ਫ਼ਿਲਮ 'ਗੁਡ ਲਕ ਜੈਰੀ' ਵੀ ਓ.ਟੀ.ਟੀ. 'ਤੇ ਪ੍ਰਦਰਸ਼ਿਤ ਹੋਵੇਗੀ। ਆਨੰਦ ਐਲ. ਰਾਏ ਵਲੋਂ ਬਣਾਈ ਗਈ ਇਹ ਫ਼ਿਲਮ ਹਿਟ ਤਾਮਿਲ ਫ਼ਿਲਮ 'ਕੋਲਾਮਾਵਾਯੁ ਕੋਕਿਲਾ' ਦੀ ਰੀਮੇਕ ਹੈ। ਉਸ ਫ਼ਿਲਮ ਵਿਚ ਇਕ ਇਸ ਤਰ੍ਹਾਂ ਦੀ ਕੁੜੀ ਦੀ ਕਹਾਣੀ ਪੇਸ਼ ਕੀਤੀ ਗਈ ਸੀ ਜਿਸ ਨੂੰ ਪਰਿਵਾਰਕ ਮਜਬੂਰੀਆਂ ਦੇ ਚਲਦਿਆਂ ਡਰੱਗ ਕਾਰੋਬਾਰ ਦੀ ਦੁਨੀਆ ਵਿਚ ਕੰਮ ਕਰਨਾ ਪੈ ਜਾਂਦਾ ਹੈ। ਇਸ ਕਾਰੋਬਾਰ 'ਚ ਉਸ ਨੂੰ ਕਈ ਵਾਰ ਆਪਣੀ ਜਾਨ 'ਤੇ ਵੀ ਖੇਡਣਾ ਪੈ ਜਾਂਦਾ ਹੈ। ਬਾਅਦ ਵਿਚ ਇਕ ਪੁਲਿਸ ਅਧਿਕਾਰੀ ਦੀ ਮਦਦ ਨਾਲ ਉਹ ਕਿਸ ਤਰ੍ਹਾਂ ਡਰੱਗ ਮਾਫੀਆ ਤੋਂ ਸਲਾਖਾਂ ਪਿੱਛੇ ਪਹੁੰਚਦੀ ਹੈ, ਇਹ ਇਸ ਵਿਚ ਦਿਖਾਇਆ ਗਿਆ ਸੀ। ਫ਼ਿਲਮ ਵਿਚ ਕਾਮੇਡੀ ਦਾ ਰੰਗ ਵੀ ਬਹੁਤ ਸੀ। ਸੋ, ਇਥੇ ਜਾਹਨਵੀ ਦੇ ਹਿੱਸੇ ਵੀ ਕਾਮੇਡੀ ਕਰਨਾ ਆਇਆ ਹੈ। ਮਾਂ ਸ੍ਰੀਦੇਵੀ ਨੇ ਤਾਂ 'ਮਿ. ਇੰਡੀਆ', 'ਚਾਲਬਾਜ਼' ਆਦਿ ਫ਼ਿਲਮਾਂ ਜ਼ਰੀਏ ਦਿਖਾ ਦਿੱਤਾ ਸੀ ਕਿ ਉਹ ਦਰਸ਼ਕਾਂ ਨੂੰ ਹਸਾਉਣ ਦੀ ਕਲਾ ਵਿਚ ਵੀ ਮਾਹਿਰ ਹੈ। ਹੁਣ ਦਰਸ਼ਕਾਂ ਨੂੰ ਹਸਾਉਣ ਲਈ ਬੇਟੀ ਆ ਰਹੀ ਹੈ।





EVERSHINE
FAMILY
DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਦਿਲਜੀਤ ਦੋਸਾਂਝ ਦਰਸ਼ਕਾਂ ਦੇ ਮਨੋਰੰਜਨ ਲਈ ਤਿਆਰ

ਮੁੰਬਈ-ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਆਪਣੇ ਚਾਹੁਣ ਵਾਲਿਆਂ ਦਾ ਮਨੋਰੰਜਨ ਕਰਨ ਲਈ ਤਿਆਰ ਹੈ ਅਤੇ ਇਸ ਸਬੰਧੀ ਆਗਾਮੀ 9 ਅਪਰੈਲ ਤੋਂ ਉਸ ਦਾ ਟੂਰ 'ਬੌਰਨ ਟੂ ਸ਼ਾਈਨ' ਸ਼ੁਰੂ ਹੋਣ ਜਾ ਰਿਹਾ ਹੈ। ਕਰੋਨਾ ਤੋਂ ਬਾਅਦ ਉਹ ਪਹਿਲੀ ਵਾਰ ਟੂਰ 'ਤੇ ਜਾਵੇਗਾ। ਇਹ ਟੂਰ ਗੁਰੂਗ੍ਰਾਮ ਦੇ ਬੈਕਯਾਰਡ ਸਪੋਰਟਸ ਕਲੱਬ ਤੋਂ ਸ਼ੁਰੂ ਕੇ ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੱਕ ਜਾਵੇਗਾ। ਦਿਲਜੀਤ ਨੇ ਕਿਹਾ, "ਸਾਰੇ ਕਲਾਕਾਰਾਂ ਨੂੰ ਆਪਣੇ ਪ੍ਰਸ਼ੰਸਕਾਂ ਨਾਲ ਸਿੱਧੀ ਗੱਲਬਾਤ ਕਰਨ ਲਈ ਮੌਕੇ ਦੀ ਉਡੀਕ ਕਰਨੀ ਪਈ ਹੈ ਕਿਉਂਕਿ ਕਰੋਨਾ ਮਹਾਮਾਰੀ ਕਾਰਨ ਇਹ ਸੰਭਵ ਨਹੀਂ ਸੀ। ਮੈਂ ਸਟੇਜ 'ਤੇ ਵਾਪਸੀ ਕਰਨ ਤੋਂ ਵੱਧ ਹੋਰ ਕਿਸੇ ਗੱਲੋਂ ਖ਼ੁਸ਼ ਨਹੀਂ ਹੋ ਸਕਦਾ।" ਇਹ ਟੂਰ 'ਸਾਰੇਗਾਮਾ ਲਾਈਵ' ਅਤੇ 'ਰੀਅਲਮੀ' ਵੱਲੋਂ ਸਪਾਂਸਰ ਕੀਤਾ ਗਿਆ ਹੈ। ਇਸ ਬਾਰੇ ਉਸ ਨੇ ਕਿਹਾ, "ਸਟੇਜ 'ਤੇ ਲੋਕਾਂ ਦਾ ਮਨੋਰੰਜਨ ਕਰਨਾ ਅਤੇ ਉਨ੍ਹਾਂ 'ਚ ਉਤਸ਼ਾਹ ਪੈਦਾ ਕਰਕੇ ਮੈਨੂੰ ਬਹੁਤ ਖ਼ੁਸ਼ੀ ਮਿਲਦੀ ਹੈ। ਜਿਸ ਕਿਸੇ ਨੂੰ ਵੀ ਸੰਗੀਤ ਨਾਲ ਪਿਆਰ ਹੈ, ਉਹ ਸਾਰੇਗਾਮਾ ਅਤੇ ਇਸ ਦੀ ਸੰਗੀਤਕ ਅਮੀਰੀ ਨੂੰ ਜਾਣਦਾ ਹੈ।" ਸਾਰੇਗਾਮਾ ਇੰਡੀਆ ਦੇ ਅਧਿਕਾਰੀ ਸਿਧਾਰਥ ਆਨੰਦ ਕੁਮਾਰ ਨੇ ਕਿਹਾ, "ਦਿਲਜੀਤ ਨੂੰ ਸਟੇਜ 'ਤੇ ਸਮਾਂ ਬੰਨ੍ਹਣਾ ਆਉਂਦਾ ਹੈ। ਮਹਾਮਾਰੀ ਤੋਂ ਬਾਅਦ ਦਿਲਜੀਤ ਦੇ ਪਹਿਲੇ ਟੂਰ 'ਤੇ ਉਸ ਨਾਲ ਜੁੜਨਾ ਖ਼ੁਸ਼ੀ ਦੀ ਗੱਲ ਹੈ।"



TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.





# ਕਾਜੋਲ ਦਾ ਭੁਲੇਖਾ ਪਾਉਂਦੀ ਹੈ ਨਿਆਸਾ ਦੇਵਗਨ

ਚੰਡੀਗੜ੍ਹ-ਅਦਾਕਾਰ ਜੋੜੀ ਅਜੈ ਦੇਵਗਨ ਤੇ ਕਾਜੋਲ ਦੀ ਧੀ ਨਿਆਸਾ ਦੇਵਗਨ ਪਿਛਲੇ ਦਿਨੀਂ ਹੋਏ ਲੈਕਮੇ ਫੈਸ਼ਨ ਵੀਕ ਦੌਰਾਨ ਖਿੱਚ ਦਾ ਕੇਂਦਰ ਰਹੀ। ਨਿਆਸਾ ਨੇ ਫੈਸ਼ਨ ਡਿਜ਼ਾਈਨਰ ਮਨੀਸ਼ ਮਲਹੋਤਰਾ ਵੱਲੋਂ ਤਿਆਰ ਕੀਤੀ ਗਈ ਪੁਸ਼ਾਕ ਪਹਿਨ ਕੇ ਮਾਡਲਿੰਗ ਕੀਤੀ। ਹਾਲ ਹੀ 'ਚ ਮਨੀਸ਼ ਨੇ ਆਪਣੇ ਇੰਸਟਾਗ੍ਰਾਮ 'ਤੇ ਨਿਆਸਾ ਦੀ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ ਹੈ। ਨਿਆਸਾ ਨੇ ਮਨੀਸ਼ ਦੀ ਨਵੀਂ ਥੀਮ 'ਡਿਫਿਊਜ਼' ਤਹਿਤ ਤਿਆਰ ਕੀਤੀ ਪੁਸ਼ਾਕ ਪਹਿਨੀ ਹੋਈ ਹੈ। ਤਸਵੀਰ ਦੀ ਕੈਪਸ਼ਨ 'ਚ ਮਨੀਸ਼ ਨੇ ਲਿਖਿਆ, 'ਖ਼ੂਬਸੂਰਤ ਨਿਆਸਾ ਦੇਵਗਨ। 'ਡਿਫਿਊਜ਼' ਪਰਿਵਾਰ 'ਚ ਨਵੀਂ ਪੀੜ੍ਹੀ ਵੀ ਸ਼ਾਮਲ ਹੋ ਗਈ ਹੈ।' ਨਿਆਸਾ ਨੇ ਇੱਕ ਬਹੁਰੰਗਾ ਕ੍ਰੌਪ ਟੌਪ ਤੇ ਬਲੇਜ਼ਰ ਪਾਇਆ ਹੋਇਆ ਹੈ ਤੇ ਇਸ ਨਾਲ ਇੱਕ ਲੰਮੀ ਸਕਰਟ ਪਹਿਨੀ ਹੋਈ ਹੈ। ਬਿਨਾਂ ਗਹਿਣਿਆਂ ਅਤੇ ਹਲਕੇ ਜਿਹੇ ਮੇਕਅੱਪ ਨਾਲ ਨਿਆਸਾ ਬਹੁਤ ਹੀ ਖ਼ੂਬਸੂਰਤ ਲੱਗ ਰਹੀ ਹੈ। ਇਸ ਤਸਵੀਰ 'ਤੇ ਪ੍ਰਤੀਕਿਰਿਆ ਦਿੰਦਿਆਂ ਇੱਕ ਪ੍ਰਸ਼ੰਸਕ ਨੇ ਆਖਿਆ, 'ਨਿਆਸਾ ਨੂੰ ਖ਼ੂਬਸੂਰਤੀ ਉਸ ਦੀ ਮਾਂ ਤੋਂ ਮਿਲੀ ਹੈ ਤੇ ਉਸ ਦੀਆਂ ਅੱਖਾਂ ਵਿਚਲਾ ਵਿਸ਼ਵਾਸ ਉਸ ਦੇ ਪਿਤਾ ਤੋਂ ਮਿਲਿਆ ਹੈ।' ਇੱਕ ਹੋਰ ਪ੍ਰਸ਼ੰਸਕ ਨੇ ਆਖਿਆ, 'ਧੀ ਵੀ ਮਾਂ ਵਰਗੀ ਹੈ।' ਇਕ ਹੋਰ ਨੇ ਆਖਿਆ,'ਉਹ ਬਹੁਤ ਹੀ ਪਿਆਰੀ ਲੱਗ ਰਹੀ ਹੈ।'





# ਹੈਲਨ ਦੇ ਨਾਲ ਨਜ਼ਰ ਆ ਸਕਦੀ ਹੈ ਕ੍ਰਿਸ਼ਮਾ ਕਪੂਰ

'ਰਾਜਾ ਬਾਬੂ', 'ਰਾਜਾ ਹਿੰਦੋਸਤਾਨੀ' ਅਤੇ 'ਦਿਲ ਤੋ ਪਾਗਲ ਹੈ' ਵਰਗੀਆਂ ਸੁਪਰਹਿੱਟ ਫਿਲਮਾਂ ਦੀ ਅਭਿਨੇਤਰੀ ਕ੍ਰਿਸ਼ਮਾ ਕਪੂਰ ਨੇ ਸਾਲ 2020 ਵਿੱਚ ਵੈੱਬ ਸੀਰੀਜ਼ 'ਮੈਂਟਲਹੁਡ' ਨਾਲ ਡਿਜੀਟਲ ਪਲੇਟਫਾਰਮ ਉੱਤੇ ਨਵੀਂ ਪਾਰੀ ਦਾ ਆਗਾਜ਼ ਕੀਤਾ ਸੀ। ਉਹ ਸ਼ੋਅ ਖਾਸ ਲੋਕਪ੍ਰਿਯ ਨਹੀਂ ਹੋਇਆ, ਪਰ ਖਬਰ ਹੈ ਕਿ ਕ੍ਰਿਸ਼ਮਾ ਕਪੂਰ ਦੂਸਰੀ ਵੈੱਬ ਸੀਰੀਜ਼ ਫਿਲਮ 'ਡੇਲਹੀ ਬੇਲੀ' ਦੇ ਡਾਇਰੈਕਟਰ ਅਭਿਨਵ ਦਿਓਲ ਦੇ ਨਾਲ ਨਵੇਂ ਸ਼ੋਅ ਦੀ ਤਿਆਰੀ ਵਿੱਚ ਹੈ। ਇਸ ਸ਼ੋਅ ਦਾ ਨਾਂਅ ਅਜੇ ਤੈਅ ਨਹੀਂ, ਪਰਫਿਲਮੀ ਗਲਿਆਰਿਆਂ ਵਿੱਚ ਇਹ ਚਰਚਾ ਹੈ ਕਿ ਸ਼ੋਅ ਵਿੱਚ ਕ੍ਰਿਸ਼ਮਾ ਕਪੂਰ ਇੱਕ ਮਜ਼ਬੂਤ ਮਹਿਲਾ ਦੇ ਕਿਰਦਾਰ ਵਿੱਚ ਨਜ਼ਰ ਆਏਗੀ। ਇਸ ਮਹਿਲਾ ਪ੍ਰਧਾਨ ਸ਼ੋਅ ਦੀ ਕਹਾਣੀ ਵਿੱਚ ਉਸ ਦਾ ਕਿਰਦਾਰ ਮੁਸ਼ਕਲ ਹਾਲਾਤ ਵਿੱਚ ਫਸ ਜਾਂਦਾ ਹੈ, ਜਿਸ ਤੋਂਖੁਦ ਨੂੰ ਕੱਢਣਾ ਹੁੰਦਾ ਹੈ। ਕ੍ਰਿਸ਼ਮਾ ਦੇ ਇਲਾਵਾ ਅਭਿਨੇਤਰੀ ਹੈਲਨ ਦੇ ਵੀ ਇਸ ਸ਼ੋਅ ਵਿੱਚ ਅਹਿਮ ਭੂਮਿਕਾ ਹੋਣ ਦੀਆਂ ਖਬਰਾਂ ਹਨ। ਅਜਿਹੇ ਵਿੱਚ ਇਸ ਸ਼ੋਅ ਨਾਲ ਹੈਲਨ ਕਰੀਬ ਇੱਕ ਦਹਾਕੇ ਪਿੱਛੋਂ ਦੋਬਾਰਾ ਐਕਟਿੰਗ ਵਿੱਚ ਵਾਪਸੀ ਕਰ ਸਕਦੀ ਹੈ। ਉਹ ਆਖਰੀ ਵਾਰ ਮਧੁਰ ਭੰਡਾਰਕਰ ਦੀ ਫਿਲਮ 'ਹੀਰੋਇਨ' ਵਿੱਚ ਨਜ਼ਰ ਆਈ ਸੀ। ਇਸ ਸ਼ੋਅ ਦੇ ਪ੍ਰੋਡਕਸ਼ਨ ਉੱਤੇ ਜਲਦੀ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਰਜਨੀਕਾਂਤ ਦੀ ਬੇਟੀ ਐਸ਼ਵਰਿਆ ਦੀ ਬਾਲੀਵੁੱਡ ਵਿਚ ਐਂਟਰੀ

ਮੁੰਬਈ-ਰਜਨੀਕਾਂਤ ਦੀ ਬੇਟੀ ਐਸ਼ਵਰਿਆ ਕੁਝ ਸਮੇਂ ਤੋਂ ਧਨੁਸ਼ ਨਾਲ ਅਲੱਗ ਹੋਣ ਬਾਰੇ ਖੂਬ ਸੁਰਖੀਆਂ ਵਿੱਚ ਰਹੀ, ਪਰ ਅੱਜਕੱਲ੍ਹਉਹ ਅੱਗੇ ਵਧ ਕੇ ਕੰਮ ਉੱਤੇ ਫੋਕਸ ਕਰ ਰਹੀ ਹੈ। ਉਹ ਆਪਣੀ ਪਹਿਲੀ ਹਿੰਦੀ ਫਿਲਮ ਦੇ ਨਿਰਦੇਸ਼ਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਖੁਦ ਐਸ਼ਵਰਿਆ ਨੇ ਇਸ ਫਿਲਮ ਦੀ ਅਨਾਊਂਸਮੈਂਟ ਕਰਦੇ ਹੋਏ ਸੋਸ਼ਲ ਮੀਡੀਆ ਉੱਤੇ ਆਪਣੀ ਪਹਿਲੀ ਹਿੰਦੀ ਫਿਲਮ ਦਾ ਪੋਸਟਰ ਸ਼ੇਅਰ ਕੀਤਾ। ਇਸ ਦੇ ਨਾਲ ਹੀ ਉਸ ਨੇ ਲਿਖਿਆ, "ਮੇਰਾ ਹਫਤਾ ਇਸ ਤੋਂ ਬਿਹਤਰ ਸ਼ੁਰੂ ਨਹੀਂ ਹੋ ਸਕਦਾ। ਹਿੰਦੀ ਵਿੱਚ ਆਪਣੇ ਨਿਰਦੇਸ਼ਨ ਵਿੱਚ ਬਣਨ ਵਾਲੀ ਪਹਿਲੀ ਫੀਚਰ ਫਿਲਮ 'ਓ ਸਾਥੀ ਚਲ' ਦੀ ਅਨਾਊਂਸਮੈਂਟ ਕਰ ਕੇ ਉਤਸ਼ਾਹਤ, ਖੁਸ਼ ਅਤੇ ਮਾਣ ਭਰਿਆ ਮਹਿਸੂਸ ਕਰ ਰਹੀ ਹਾਂ।




MORTGAGE

If you are paying more than

1.75%*

5 YEARS VARIABLE RATE

*Conditions Apply. Rates subject to change without notice. It is for the Principal house.

Call us NOW to Lower your Rate!

GET CASH BACK UP TO $3000*



Superior Mortgage

Unit 244-8138-128 Street, Surrey

604 507 1000

Our Symbol of Care & Service

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

TRANSource
FREIGHTWAYS

Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and
Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com


Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Extra Extra Super Special
Rajan MANGOES
(Haden) 4 kg
ਰਾਜਨ ਹੇਡਨ ਅੰਬ
$13.99 BOX
*Number of pieces depends on the weight
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨਵੀਂ ਕੁੰਚ ਅਤੇ ਇੰਡੀਕੇਨ
$4.98 pkg.
Extra Super Super Special
Royal Basmati Rice 10 lbs
ਰੋਏਲ ਬਾਸਮਤੀ ਚੌਲ
$9.98 bag
Extra Super Super Special
Rapini (Sarson da Saag)
ਸਰਸੋਂ ਦਾ ਸਾਗ
$2.69 bunch
Long Opo Squash
ਲੰਬੇ ਓਪੋ ਕੱਦੂ
88¢ lb
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Super Special
Yellow Onions 50 lbs
ਪੀਲੇ ਗੰਢੇ
$15.99 bag
Super Special
Roma Tomatoes
ਰੋਮਾ ਟਮਾਟਰ
99¢ lb
Pink Lady Apples
ਪੀਂਕ ਲੇਡੀ ਐਪਲ
98¢ lb
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.99 lb
Super Special
Cilantro
ਧਣੀਆ
2 bunches for 98¢
Chana Dal
ਚਨੇ ਦੀ ਦਾਲ
79¢ lb
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Super Special
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Super Special
Fresh Ginger
ਤਾਜ਼ਾ ਅਦਰਕ
$1.39 lb
Desi Karela
ਦੇਸੀ ਕਰੇਲਾ
$1.79 lb
Fresh Garlic
ਤਾਜ਼ਾ ਲਸਣ
$1.49 lb
Red Lentil Whole
ਸਾਬਤ ਮਸਰਾਂ ਦੀ ਦਾਲ
79¢ lb
Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
88¢ lb
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Product images may differ from the actual product.
Fri Apr 01, 2022 - Wed Apr 06, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey----------- 12990 72nd Ave. ------------ 604-503-5510
Surrey ---------- 12788 76A Ave. Surrey ----- 604-597-1676
Surrey ---------- 16788 64 Ave. --------------- 604-372-2023
Surrey ---------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. --------------- 604-244-9520